Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 233 30/01/2026 www.samajweekly.com samajweekly @samajweekly samajweekly

# ਯੂਜੀਸੀ ਦੇ ਨਵੇਂ ਨਿਯਮਾਂ ’ਤੇ ਸੁਪਰੀਮ ਕੋਰਟ ਨੇ ਲਗਾਈ ਰੋਕ

## ਚੀਫ਼ ਸੂਰਿਆਕਾਂਤ ਤੇ ਜੈਮਾਲਿਆ ਦੀ ਬੈਂਚ ਨੇ ਨਿਯਮਾਂ ’ਤੇ ਚੁੱਕੇ ਸਵਾਲ

**ਨਵੀਂ ਦਿੱਲੀ।** ਸੁਪਰੀਮ ਕੋਰਟ ਨੇ ਯੂਨਿਵਰਸਿਟੀ ਗ੍ਰਾਂਟਸ ਕਮਿਸ਼ਨ (ਯੂਜੀਸੀ) ਦੇ ਨਵੇਂ ਨਿਯਮਾਂ 'ਤੇ ਅਗਲੇ ਹੁਕਮ ਤੱਕ ਰੋਕ ਲਗਾ ਦਿੱਤੀ ਹੈ। ਚੀਫ਼ ਜਸਟਿਸ ਆਫ਼ ਇੰਡੀਆ ਸੂਰਿਆਕਾਂਤ ਅਤੇ ਜਸਿਟਸ ਜੈਮਾਲਿਆ ਦੀ ਬੈਂਚ ਨੇ ਕਿਹਾ ਕਿ ਇਸ ਦੀ ਵਿਵਸਥਾ ਅਸਪਸ਼ਟ ਹੈ ਅਤੇ ਇਨ੍ਹਾਂ ਦੀ ਦੁਰਵਰਤੋਂ ਹੋ ਸਕਦੀ ਹੈ। ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਨਿਯਮਾਂ ਦਾ ਡਰਾਫਟ ਫਿਰ ਤੋਂ ਤਿਆਰ ਕਰਨ ਦਾ ਹੁਕਮ ਦਿੱਤਾ ਹੈ। ਸੀ.ਜੇ.ਆਈ. ਸੂਰਿਆਕਾਂਤ ਨੇ ਕੇਂਦਰ ਤੋਂ ਪੁੱਛਿਆ ਅਸੀਂ ਜਾਤੀਵਾਦ ਵਾਲੇ ਸਮਾਜ ਦੀ ਦਿਸ਼ਾ ’ਚ ਕੀ ਕੁਝ ਹਾਸਲ ਕੀਤਾ ਹੈ । ਕੀ ਹੁਣ ਅਸੀਂ ਉਲਟੀ ਦਿਸ਼ਾ ਵਿੱਚ ਚੱਲ ਰਹੇ ਹਾਂ? ਚੀਫ਼




ਜਸਟਿਸ ਨੇ ਕਿਹਾ- ਤੁਸੀਂ ਐਸ.ਸੀ./ਐਸ.ਟੀ. ਵਿਦਿਆਰਥੀਆਂ ਲਈ ਵੱਖਰੇ ਹੋਸਟਲਾਂ ਦੀ ਗੱਲ ਕਰ ਰਹੇ ਹੋ ਅਜਿਹਾ ਨਾ ਕਰੋ । ਰਾਖਵੇਂ ਭਾਈਚਾਰਿਆਂ ’ਚ ਵੀ ਅਜਿਹੇ ਲੋਕ ਹਨ ਜੋ ਖੁਸ਼ਹਾਲ ਹੋ ਗਏ ਹਨ । ਕੁਝ ਭਾਈਚਾਰੇ ਦੂਜਿਆਂ ਦੇ ਮੁਕਾਬਲੇ ਵਧੀਆ ਸਹੂਲਤਾਂ ਦਾ ਆਨੰਦ ਲੈ ਰਹੇ ਹਨ। ਉਧਰ ਦੇਸ਼ ਭਰ ’ਚ ਉਚ ਜਾਤੀਆਂ ਦੇ ਵਿਦਿਆਰਥੀ ਅਤੇ ਆਮ ਨਾਗਰਿਕਾਂ ਦਾ ਯੂਨਿਵਰਸਿਟੀ ਗ੍ਰਾਂਟਸ ਕਮਿਸ਼ਨ ਦੇ ਨਵੇਂ ਨਿਯਮਾਂ ਨੂੰ ਲੈ ਕੇ ਕੀਤਾ ਜਾ ਰਿਹਾ ਵਿਰੋਧ ਜਾਰੀ ਹੈ। ਵੀਰਵਾਰ ਨੂੰ ਦਿੱਲੀ ਯੂਨਿਵਰਸਿਟੀ ਕੇ ਨੌਰਥ ਕੈਂਪਸ ਦੇ ਬਾਹਰ ਵਿਦਿਆਰਥੀ ਨੇ ਵਿਰੋਧ-ਪ੍ਰਦਰਸ਼ਨ ਕੀਤਾ।

## ਅਵਾਰਾ ਕੁੱਤਿਆਂ ਦੇ ਮਾਮਲੇ ’ਚ ਸੁਪਰੀਮ ਕੋਰਟ ਨੇ ਸਾਰੇ ਰਾਜਾਂ ਦੀ ਸੁਣਵਾਈ ਤੋਂ ਬਾਅਦ ਫ਼ੈਸਲਾ ਰੱਖਿਆ ਸੁਰੱਖਿਅਤ



**ਨਵੀਂ ਦਿੱਲੀ।** ਅਵਾਰਾ ਕੁੱਤਿਆਂ ਦੇ ਮਾਮਲੇ ’ਚ ਸੁਪਰੀਮ ਕੋਰਟ ਨੇ ਸਾਰੇ ਰਾਜਾਂ ਦੀ ਸੁਣਵਾਈ ਤੋਂ ਬਾਅਦ ਫ਼ੈਸਲਾ ਸੁਰੱਖਿਅਤ ਰੱਖ ਲਿਆ। ਦੇਸ਼ ਵਿੱਚ ਕੁੱਤਿਆਂ ਦੇ ਕੱਟਣ ਦੀ ਵਧਦੀ ਗਿਣਤੀ ਕਾਰਨ ਅਵਾਰਾ ਕੁੱਤਿਆਂ ਦੇ ਖਤਰੇ ਬਾਰੇ ਸ਼ਛ ਨੇ ਸੂ ਮੋਟੋ ਮਾਮਲੇ 'ਤੇ ਫ਼ੈਸਲਾ ਰਾਖਵਾਂ ਰੱਖਿਆ। ਅਦਾਲਤ ਨੇ ਪਹਿਲਾਂ ਇਸ ਮਾਮਲੇ ਵਿੱਚ ਵੱਖ-ਵੱਖ ਨਿਰਦੇਸ਼ ਜਾਰੀ ਕੀਤੇ ਸਨ, ਜਿਨ੍ਹਾਂ ਵਿੱਚ ਅਧਿਕਾਰੀਆਂ ਨੂੰ ਸਕੂਲਾਂ, ਜਨਤਕ ਹਸਪਤਾਲਾਂ ਅਤੇ ਹਾਈਵੇਅ ਵਰਗੀਆਂ ਕੁਝ ਜਨਤਕ ਥਾਵਾਂ ਤੋਂ ਅਵਾਰਾ ਕੁੱਤਿਆਂ ਨੂੰ ਹਟਾਉਣ ਦਾ ਨਿਰਦੇਸ਼ ਦਿੱਤਾ ਗਿਆ ਸੀ। ਹਾਲਾਂਕਿ, ਵੱਖ-ਵੱਖ ਬਿਨੈਕਾਰਾਂ ਨੇ ਅਦਾਲਤ ਦੇ ਨਿਰਦੇਸ਼ਾਂ ਨੂੰ ਚੁਣੌਤੀ ਦੇਣ ਅਤੇ ਅਵਾਰਾ ਕੁੱਤਿਆਂ ਦੀ ਵਧਦੀ ਆਬਾਦੀ ਅਤੇ ਉਨ੍ਹਾਂ ਕਾਰਨ ਹੋਣ ਵਾਲੀਆਂ ਸੱਟਾਂ ਅਤੇ ਬਾਈਟਾਂ ਦੀਆਂ ਘਟਨਾਵਾਂ ਨੂੰ ਰੋਕਣ ਵਰਗੇ ਮੁੱਦਿਆਂ ਨਾਲ ਨਜਿੱਠਣ ਲਈ ਵਧੇਰੇ ਵਿਗਿਆਨਕ ਪਹੁੰਚ ਲਈ ਸੁਝਾਅ ਦੇਣ ਲਈ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ। ਅਦਾਲਤ ਨੇ ਸਾਰੇ ਪਾਸਿਆਂ ਦੀਆਂ ਦਲੀਲਾਂ ਸੁਣੀਆਂ ਅਤੇ ਅੱਜ ਆਪਣਾ ਫੈਸਲਾ ਰਾਖਵਾਂ ਰੱਖ ਲਿਆ।

## ਕੈਨੇਡੀਅਨ ਡਾਲਰ ਨੇ ਮਜ਼ਬੂਤੀ ਫੜੀ, ਇਕ ਡਾਲਰ ਦਾ ਭਾਅ 68 ਰੁਪਏ ਤੋਂ ਟੱਪਿਆ

**ਵੈਨਕੂਵਰ।** ਲੰਮਾ ਸਮਾਂ ਹੇਠਲੇ ਪੱਧਰ ’ਤੇ ਟਿਕੇ ਰਹਿਣ ਮਗਰੋਂ ਕੈਨੇਡੀਅਨ ਡਾਲਰ ਦਿਨੋ ਦਿਨ ਮਜ਼ਬੂਤੀ ਫੜਨ ਲੱਗਾ ਹੈ। ਕਰੰਸੀ ਐਕਸਚੇਂਜ ਐਪ ਮੁਤਾ-ਬਕ ਇਕ ਕੈਨੇਡੀਅਨ ਡਾਲਰ ਦਾ ਮੁੱਲ 68 ਭਾਰਤੀ ਰੁਪਏ ਹੋ ਗਿਆ ਹੈ। ਅਮਰੀਕੀ ਡਾਲਰ ਦੇ ਮੁਕਾਬਲੇ ਵੀ ਕੈਨੇਡਿਆਈ ਡਾਲਰ ਮਜ਼ਬੂਤ ਹੋਇਆ ਹੈ ਤੇ 74 ਸੈਂਟ ਤੋਂ ਥੋੜ੍ਹਾ ਉਪਰ ਹੋ ਗਿਆ ਹੈ, ਜਦ ਕਿ ਤਿੰਨ ਕੁ ਮਹੀਨੇ ਇਹ 68 ਅਮਰਕੀਨ ਸੈਂਟਾਂ ਦੇ ਨੇੜੇ ਤੇੜੇ ਸੀ।




ਆਰਥਿਕ ਮਾਹਰ ਕੈਨੇਡੀਅਨ ਡਾਲਰ ਦੀ ਮਜ਼ਬੂਤੀ ਨੂੰ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਵਿੱਤੀ ਮੁਹਾਰਤ ਅਤੇ ਸਫਲ ਨੀਤੀਆਂ ਨਾਲ ਜੋੜ ਕੇ ਦੇਖ ਰਹੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਟੈਰਿਫ ਸ਼ਰਤਾਂ ਮੂਹਰੇ ਗੋਡੇ ਟੇਕਣ ਦੀ ਥਾਂ ਪ੍ਰਧਾਨ ਮੰਤਰੀ ਵਲੋਂ ਆਲਮੀ ਨਿਰਭਰਤਾ ਘਟਾ ਕੇ ਘਰੇਲੂ ਉਦਯੋਗ ਲਈ ਨਵੀਆਂ ਮੰਡੀਆਂ ਤਲਾਸ਼ੇ ਜਾਣ ਦੇ ਯਤਨਾਂ ਕਾਰਨ ਦੇਸ਼ ਦੇ ਅਰਥਚਾਰੇ ਦਾ ਰੁਝਾਨ ਮਜ਼ਬੂਤੀ ਵੱਲ ਰਿੜ ਪਿਆ ਹੈ। ਪਿਛਲ ਝਾਤ ਮਾਰੀਏ ਤਾਂ 2013-14 ਵਿੱਚ ਕੈਨੇਡੀਅਨ ਡਾਲਰ ਅਮਰੀਕੀ ਡਾਲਰ ਤੋਂ ਥੋੜਾ ਉੱਚਾ ਹੁੰਦਾ ਸੀ, ਪਰ ਤੱਤਕਾਲੀ ਪ੍ਰਧਾਨ ਮੰਤਰੀ ਸਟੀਵਨ ਹਾਰਪਰ ਵਲੋਂ ਆਪਣੀ ਸੱਤਾ ਦੇ ਆਖਰੀ ਸਾਲਾਂ ਵਿਚ ਕੁਝ ਗਲਤੀਆਂ ਕਰਕੇ ਡਾਲਰ ਹੇਠਾਂ ਵੱਲ ਰਿੜਨ ਲੱਗਾ। ਇਹ ਰੁਝਾਨ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੋਂ ਵੀ ਨਾ ਸੰਭਲਿਆ ਤੇ ਕੈਨੇਡੀਅਨ ਡਾਲਰ ਡਿਗਦਾ ਡਿਗਦਾ ਅਮਰੀਕਾ ਦੇ 68 ਸੈਂਟਾਂ ਦੇ ਹੇਠਲੇ ਪੱਧਰ ਤੱਕ ਚਲਾ ਗਿਆ ਸੀ। ਪਹਿਲਾਂ ਬੈਂਕ ਆਫ ਕੈਨੇਡਾ ਅਤੇ ਮਗਰੋਂ ਬੈਂਕ ਆਫ ਇੰਗਲੈਂਡ ਦਾ ਗਵਰਨਰ ਰਹਿਣ ਕਰਕੇ ਮਾਰਕ ਕਾਰਨੀ ਦੀ ਵਿੱਤੀ ਮੁਹਾਰਤ ਪ੍ਰਧਾਨ ਮੰਤਰੀ ਬਣ ਕੇ ਹੋਰ ਨਿੱਖਰ ਗਈ ਹੈ।

# ਅਜੀਤ ਪਵਾਰ ਦਾ ਹੋਇਆ ਅੰਤਿਮ ਸਸਕਾਰ, ਦੋਵਾਂ ਪੁੱਤਰਾਂ ਨੇ ਦਿੱਤੀ ਚਿਖਾ ਨੂੰ ਅਗਨੀ

**ਨਵੀਂ ਦਿੱਲੀ।** ਮਹਾਰਾਸ਼ਟਰ ਦੇ ਸਾਬਕਾ ਉਪ ਮੁੱਖ ਮੰਤਰੀ ਅਜੀਤ ਪਵਾਰ ਦਾ ਅੰਤਿਮ ਸਸਕਾਰ ਵੀਰਵਾਰ ਨੂੰ ਬਾਰਾਮਤੀ ਦੇ ਕਾਟੇਵਾੜੀ ਸਥਿਤ ਵਿਦਿਆ ਪ੍ਰਤਿਸ਼ਠਾਨ ਮੈਦਾਨ ਵਿੱਚ ਕੀਤਾ ਗਿਆ। ਉਨ੍ਹਾਂ ਦੇ ਦੋ ਪੁੱਤਰਾਂ ਪਾਰਥ ਅਤੇ ਜੈ ਪਵਾਰ ਨੇ ਚਿਖਾ ਨੂੰ ਅਗਨੀ ਦਿੱਤੀ। ਅਜੀਤ ਦੀ ਪਤਨੀ ਸੁਨੇਤਰਾ ਪਵਾਰ, ਉਨ੍ਹਾਂ ਦੇ ਦੋ ਪੁੱਤਰ ਪਾਰਥ ਅਤੇ ਜੈ, ਉਨ੍ਹਾਂ ਦੇ ਚਾਚਾ ਸ਼ਰਦ ਪਵਾਰ ਅਤੇ ਉਨ੍ਹਾਂ ਦੀ ਧੀ ਸੁਪ੍ਰਿਆ ਸੁਲੇ ਮੌਜੂਦ ਸਨ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਭਾਜਪਾ ਪ੍ਰਧਾਨ ਨਿਤਿਨ ਨਵੀਨ, ਕੇਂਦਰੀ ਮੰਤਰੀ ਨਿਤਿਨ ਗਡਕਰੀ, ਗੋਆ ਦੇ ਮੁੱਖ ਮੰਤਰੀ ਪ੍ਰਮੋਦ ਸਾਵੰਤ, ਸਾਬਕਾ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ, ਆਂਧਰਾ ਪ੍ਰਦੇਸ਼ ਦੇ ਮੰਤਰੀ ਨਾਰਾ ਲੋਕੇਸ਼ ਅਤੇ



ਮਹਾਰਾਸ਼ਟਰ ਨਵਨਿਰਮਾਣ ਸੈਨਾ (ਐਮਐਨਐਸ) ਦੇ ਮੁਖੀ ਰਾਜ ਠਾਕਰੇ ਪਹੁੰਚੇ। ਅੰਤਿਮ ਸਸਕਾਰ ਵਿੱਚ ਹਜ਼ਾਰਾਂ ਲੋਕ ਸ਼ਾਮਲ ਹੋਏ। 66 ਸਾਲਾ ਪਵਾਰ ਇੱਕ ਚਾਰਟਰਡ ਜਹਾਜ਼ ਵਿੱਚ ਸਵਾਰ ਸਨ ਜੋ ਬੁੱਧਵਾਰ ਸਵੇਰੇ 8:45 ਵਜੇ ਬਾਰਾਮਤੀ ਹਵਾਈ ਅੱਡੇ 'ਤੇ ਉਤਰਦੇ ਸਮੇਂ ਹਾਦਸਾਗ੍ਰਸਤ ਹੋ ਗਿਆ। ਇਸ ਹਾਦਸੇ ਵਿੱਚ ਪਵਾਰ ਦੇ ਸੁਰੱਖਿਆ ਗਾਰਡ, ਦੋ ਪਾਇਲਟ ਅਤੇ ਇੱਕ ਮਹਿਲਾ ਚਾਲਕ ਦਲ ਸਮੇਤ ਪੰਜ ਲੋਕਾਂ ਦੀ ਮੌਤ ਹੋ ਗਈ। ਪਵਾਰ ਨੇ 5 ਫਰਵਰੀ ਨੂੰ ਪੁਣੇ ਵਿੱਚ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਲਈ ਚਾਰ ਰੈਲੀਆਂ ਨੂੰ ਸੰਬੋਧਨ ਕਰਨਾ ਸੀ। ਮਹਾਰਾਸ਼ਟਰ ਨੇ ਪਵਾਰ ਦੀ ਮੌਤ 'ਤੇ ਤਿੰਨ ਦਿਨਾਂ ਦੇ ਰਾਜਕੀ ਸੋਗ ਦਾ ਐਲਾਨ ਕੀਤਾ ਹੈ।

## ਜਲੰਧਰ ਦੇ ਡਾਕਟਰ ਤੋਂ ਮੰਗੀ ਗਈ 2 ਕਰੋੜ ਰੁਪਏ ਦੀ ਫਿਰੌਤੀ

**ਜਲੰਧਰ :** ਜਲੰਧਰ ਦੇ ਇੱਕ ਡਾਕਟਰ ਨੂੰ ਗੈਂਗਸਟਰ ਵੱਲੋਂ ਧਮਕੀ ਭਰਿਆ ਸੁਨੇਹਾ ਮਿਲਿਆ ਹੈ। ਇਸ ਵਿੱਚ ਸਪੱਸ਼ਟ ਤੌਰ 'ਤੇ ਕਿਹਾ ਗਿਆ ਸੀ ਕਿ ਜੇਕਰ ਉਹ 2 ਕਰੋੜ ਰੁਪਏ ਨਹੀਂ ਦਿੰਦਾ ਹੈ, ਤਾਂ ਉਸ ਨੂੰ ਅਤੇ ਉਸ ਦੇ ਪੂਰੇ ਪਰਿਵਾਰ ਨੂੰ ਮਾਰ ਦਿੱਤਾ ਜਾਵੇਗਾ। ਇਸ ਗੰਭੀਰ ਧਮਕੀ ਤੋਂ ਬਾਅਦ ਡਾਕਟਰ ਤੁਰੰਤ ਜਲੰਧਰ ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਨੂੰ ਮਿਲੇ ਅਤੇ ਉਨ੍ਹਾਂ ਪੁਲਿਸ ਨੂੰ ਪੂਰੀ ਘਟਨਾ ਸਬੰਧੀ ਜਾਣਕਾਰੀ ਦਿੱਤੀ ਹੈ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਪੁਲਿਸ ਨੇ ਡਾਕਟਰ ਦੇ ਘਰ ਦੇ ਆਲੇ-ਦੁਆਲੇ ਸੁਰੱਖਿਆ ਸਖ਼ਤ ਕਰ ਦਿੱਤੀ ਹੈ ਅਤੇ ਜਾਂਚ ਸ਼ੁਰੂ ਕਰ ਦਿੱਤੀ ਹੈ। ਧਮਕੀ ਤੋਂ ਬਾਅਦ ਡਾਕਟਰ ਨੇ ਸੁਰੱਖਿਆ ਲਈ ਆਪਣੇ ਮਾਡਲ ਟਾਊਨ ਦੇ ਘਰ ਨੂੰ ਬਿਜਲੀ ਦੀ ਵਾੜ ਨਾਲ ਘੇਰ ਲਿਆ ਹੈ। ਦੱਸਿਆ ਜਾ ਰਿਹਾ ਹੈ ਕਿ ਉਹ ਪਿਛਲੇ ਕੁਝ ਦਿਨਾਂ ਤੋਂ ਡਰ ਕਾਰਨ ਆਪਣੇ ਘਰੋਂ ਨਹੀਂ ਨਿਕਲਿਆ ਹੈ। ਸ਼ਹਿਰ ਦੇ ਹੋਰ ਡਾਕਟਰਾਂ ਅਤੇ ਮੈਡੀਕਲ ਭਾਈਚਾਰੇ ਵਿੱਚ ਵੀ ਡਰ ਦਾ ਮਾਹੌਲ ਹੈ। ਪੀੜਤ ਦਾ ਹਸਪਤਾਲ ਸ਼ਹਿਰ ਦੇ ਗੁਰੂ ਨਾਨਕ



ਮਿਸ਼ਨ ਚੌਕ ਦੇ ਨੇੜੇ ਸਥਿਤ ਹੈ। ਇਸ ਤੋਂ ਇਲਾਵਾ ਉਸ ਦੇ ਆਪਣੇ ਇੱਕ ਨਜ਼ਦੀਕੀ ਰਿਸ਼ਤੇਦਾਰ ਦੀ ਸ਼ਹਿਰ ਵਿੱਚ ਇੱਕ ਵੱਡੀ ਦੋਪਹੀਆ ਵਾਹਨ ਏਜੰਸੀ ਹੈ। ਕੀ ਪੁਲਿਸ ਨੇ ਇਸ ਮਾਮਲੇ ਵਿੱਚ ਐਫ.ਆਈ.ਆਰ. ਦਰਜ ਕੀਤੀ ਹੈ ਜਾਂ ਨਹੀਂ ਇਸ ਸਬੰਧੀ ਜਾਣਕਾਰੀ ਹਾਸਲ ਨਹੀਂ ਹੋ ਸਕੀ।

## ਅੰਮ੍ਰਿਤਸਰ ਤੋਂ 200 ਕਰੋੜ ਦੀ ਹੈਰੋਇਨ ਬਰਾਮਦ, 4 ਹੈਂਡ ਗਰਨੇਡ ਵੀ ਹੋਏ ਬਰਾਮਦ

**ਅੰਮ੍ਰਿਤਸਰ।** ਅੰਮ੍ਰਿਤਸਰ ਦੇ ਰਾਜਾਸਾਂਸੀ ਹਲਕੇ ਦੇ ਪਿੰਡ ਓਠੀਆਂ ਵਿੱਚ ਨਸ਼ੀਲੇ ਪਦਾਰਥਾਂ ਅਤੇ ਹਥਿਆਰਾਂ ਦੀ ਤਸਕਰੀ ਵਿਰੁੱਧ ਪੁਲਿਸ ਨੂੰ ਵੱਡੀ ਸਫਲਤਾ ਮਿਲੀ ਹੈ। ਬੀਤੀ ਦੇਰ ਰਾਤ, ਪੁਲਿਸ ਨੇ 200 ਕਰੋੜ ਰੁਪਏ ਤੋਂ ਵੱਧ ਦੀ ਹੈਰੋਇਨ, ਹੈਂਡ ਗ੍ਰਨੇਡ ਅਤੇ ਪਾਕਿਸਤਾਨ ਤੋਂ ਡਰੋਨ ਰਾਹੀਂ ਲਿਆਂਦੇ ਗਏ ਹਥਿਆਰ ਜ਼ਬਤ ਕੀਤੇ। ਇਸ ਕਾਰਵਾਈ ਨੇ ਪੂਰੇ ਇਲਾਕੇ ਵਿੱਚ ਹੜਕੰਪ ਮਚਾ ਦਿੱਤਾ। ਪੁਲਿਸ ਦੇ ਅਨੁਸਾਰ, ਕਾਲੇ ਪੈਕੇਟਾਂ ਵਿੱਚ ਪੈਕ ਕੀਤੀ 40 ਕਿਲੋਗ੍ਰਾਮ ਤੋਂ ਵੱਧ ਹੈਰੋਇਨ ਪਾਕਿਸਤਾਨ ਤੋਂ ਡਰੋਨ ਰਾਹੀਂ ਭੇਜੀ ਗਈ ਸੀ। ਚਾਰ ਹੈਂਡ ਗ੍ਰਨੇਡ, ਇੱਕ ਪਿਸਤੌਲ ਅਤੇ ਕੁਝ ਜ਼ਿੰਦਾ ਕਾਰਤੂਸ ਵੀ ਬਰਾਮਦ ਕੀਤੇ ਗਏ ਹਨ। ਇਹ ਖੇਪ ਪਿੰਡ ਓਠੀਆਂ ਨੇੜੇ ਸੁੱਟੀ ਗਈ ਸੀ, ਜਿਸ ਨੂੰ ਕੁਝ ਨੌਜਵਾਨ ਦੇਰ ਰਾਤ ਮੋਟਰਸਾਈਕਲ 'ਤੇ ਲਿਜਾ ਰਹੇ ਸਨ। ਦੱਸਿਆ ਜਾ ਰਿਹਾ ਹੈ ਕਿ ਪਿੰਡ ਵਿੱਚ ਰਾਤ ਨੂੰ ਇੱਕ ਨਵੀਂ ਸੜਕ ਦੀ ਉਸਾਰੀ ਦਾ ਕੰਮ ਚੱਲ ਰਿਹਾ ਸੀ। ਜਦੋਂ ਉੱਥੇ ਮੌਜੂਦ ਲੋਕਾਂ ਅਤੇ ਮਜ਼ਦੂਰਾਂ ਨੇ ਨੌਜਵਾਨਾਂ ਨੂੰ ਸੜਕ ਪਾਰ ਕਰਨ ਤੋਂ



ਰੋਕਿਆ ਤਾਂ ਉਹ ਡਰ ਦੇ ਮਾਰੇ ਆਪਣੇ ਮੋਟਰਸਾਈਕਲ ਛੱਡ ਕੇ ਮੌਕੇ ਤੋਂ ਭੱਜ ਗਏ। ਸ਼ੱਕ ਹੋਣ 'ਤੇ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ ਗਿਆ। ਸੂਚਨਾ ਮਿਲਣ 'ਤੇ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਮੋਟਰਸਾਈਕਲ ਅਤੇ ਆਲੇ-ਦੁਆਲੇ ਦੇ ਇਲਾਕੇ ਦੀ ਤਲਾਸ਼ੀ ਲਈ। ਜਾਂਚ ਦੌਰਾਨ ਵੱਡੀ ਮਾਤਰਾ ਵਿੱਚ ਹੈਰੋਇਨ, ਹੱਥਗੋਲੇ ਅਤੇ ਹਥਿਆਰ ਬਰਾਮਦ ਕੀਤੇ ਗਏ। ਪੁਲਿਸ ਨੇ ਪੂਰੇ ਇਲਾਕੇ ਨੂੰ ਸੀਲ ਕਰ ਦਿੱਤਾ ਹੈ ਅਤੇ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਫਰਾਰ ਮੁਲਜ਼ਮਾਂ ਦੀ ਭਾਲ ਕੀਤੀ ਜਾ ਰਹੀ ਹੈ। ਦੇਰ ਰਾਤ ਹੀ ਰਾਜਾਸਾਂਸੀ ਹਲਕੇ ਦੀ ਇੰਚਾਰਜ ਮੈਡਮ ਸੋਨੀਆ ਮਾਨ ਮੌਕੇ 'ਤੇ ਪਹੁੰਚੀ ਅਤੇ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਪੁਲਿਸ ਅਧਿਕਾਰੀਆਂ ਨੂੰ ਜ਼ਰੂਰੀ ਨਿਰਦੇਸ਼ ਦਿੱਤੇ। ਸੋਨੀਆ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ "ਨਸ਼ਿਆਂ ਵਿਰੁੱਧ ਜੰਗ" ਮੁਹਿੰਮ ਤਹਿਤ ਕਾਰਵਾਈ ਜਾਰੀ ਹੈ ਅਤੇ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਪੁਲਿਸ ਇਸ ਵੇਲੇ ਡਰੋਨ ਨੈੱਟਵਰਕ, ਪੂਰੇ ਤਸਕਰੀ ਰੂਟ ਅਤੇ ਇਸ ਵਿੱਚ ਸ਼ਾਮਲ ਵਿਅਕਤੀਆਂ ਦੀ ਪਛਾਣ ਕਰਨ ਲਈ ਕੰਮ ਕਰ ਰਹੀ ਹੈ। ਇਸ ਜ਼ਬਤੀ ਨੂੰ ਸਰਹੱਦ ਪਾਰ ਨਸ਼ੀਲੇ ਪਦਾਰਥਾਂ ਅਤੇ ਹਥਿਆਰਾਂ ਦੀ ਤਸਕਰੀ ਵਿਰੁੱਧ ਇੱਕ ਵੱਡੀ ਸਫਲਤਾ ਮੰਨਿਆ ਜਾ ਰਿਹਾ ਹੈ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington, Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com
ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਬੰਗਲੁਰੂ 'ਚ ਨੇਪਾਲੀ ਜੋੜਾ 18 ਕਰੋੜ ਰੁਪਏ ਦੀ ਨਕਦੀ ਅਤੇ ਸੋਨਾ ਲੈ ਕੇ ਭੱਜਿਆ



**ਬੰਗਲੁਰੂ।** ਬੰਗਲੁਰੂ ਵਿੱਚ ਇੱਕ ਵੱਡੀ ਚੋਰੀ ਦੀ ਘਟਨਾ ਸਾਹਮਣੇ ਆਈ ਹੈ। ਇੱਕ ਨੇਪਾਲੀ ਘਰੇਲੂ ਕਰਮਚਾਰੀ ਜੋੜੇ ਨੇ ਯਮਾਲੂਰੂ ਵਿੱਚ ਇੱਕ ਬਿਲਡਰ ਦੇ ਘਰੋਂ ਕਥਿਤ ਤੌਰ 'ਤੇ 18 ਕਰੋੜ ਰੁਪਏ ਦੇ ਸੋਨਾ, ਹੀਰੇ ਅਤੇ ਚਾਂਦੀ ਦੇ ਗਹਿਣੇ ਚੋਰੀ ਕਰ ਲਏ। ਇਹ ਚੋਰੀ ਉਸ ਸਮੇਂ ਹੋਈ, ਜਦੋਂ ਪਰਿਵਾਰ ਕੁਝ ਘੰਟਿਆਂ ਲਈ ਘਰੋਂ ਬਾਹਰ ਗਿਆ ਸੀ। ਇਸ ਦੌਰਾਨ ਲਾਕਰ ਤੋੜ ਦਿੱਤੇ ਗਏ, ਸੀਸੀਟੀਵੀ ਦੀ ਬਿਜਲੀ ਕੱਟ ਦਿੱਤੀ ਗਈ ਅਤੇ ਘਟਨਾ ਨੂੰ ਅੰਜਾਮ ਦੇਣ ਤੋਂ ਬਾਅਦ ਮੁਲਜ਼ਮ ਹੁਣ ਫਰਾਰ ਹਨ। ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਮੁਲਜ਼ਮਾਂ ਦੀ ਭਾਲ ਜਾਰੀ ਹੈ।

## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਜ਼ੀਰਕਪੁਰ 'ਚ ਏਅਰਪੋਰਟ ਰੋਡ 'ਤੇ ਵਾਪਰਿਆ ਭਿਆਨਕ ਸੜਕ ਹਾਦਸਾ



**ਜ਼ੀਰਕਪੁਰ।** ਜ਼ੀਰਕਪੁਰ ਦੇ ਪੀਆਰ-7 ਏਅਰਪੋਰਟ ਰੋਡ 'ਤੇ ਅੱਜ ਉਸ ਸਮੇਂ ਦਹਿਸ਼ਤ ਦਾ ਮਾਹੌਲ ਬਣ ਗਿਆ, ਜਦੋਂ ਇੱਕ ਬੇਕਾਬੂ ਤੇਜ਼ ਰਫ਼ਤਾਰ ਫਾਰਚੂਨਰ ਕਾਰ ਨੇ ਪਹਿਲਾਂ ਸਵਾਰੀਆਂ ਨਾਲ ਭਰੇ ਇੱਕ ਆਟੋ ਨੂੰ ਭਿਆਨਕ ਟੱਕਰ ਮਾਰੀ ਅਤੇ ਉਸ ਤੋਂ ਬਾਅਦ ਸੜਕ ਦੇ ਕਿਨਾਰੇ ਖੜੇ ਟਰਾਲੇ ਵਿੱਚ ਜਾ ਵੜੀ। ਇਹ ਹਾਦਸਾ ਇੰਨਾ ਜ਼ਬਰਦਸਤ ਸੀ ਕਿ ਫਾਰਚੂਨਰ ਕਾਰ ਦੇ ਪਰਖੱਚੇ ਉੱਡ ਗਏ। ਇਸ ਭਿਆਨਕ ਹਾਦਸੇ ਵਿੱਚ ਫਾਰਚੂਨਰ ਗੱਡੀ ਵਿੱਚ ਸਵਾਰ ਤਿੰਨ ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਕਈ ਹੋਰ ਲੋਕ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ। ਹਾਦਸੇ ਤੋਂ ਬਾਅਦ ਮੌਕੇ 'ਤੇ ਅਫ਼ਰਾ-ਤਫ਼ਰੀ ਮਚ ਗਈ ਅਤੇ ਸੜਕ 'ਤੇ ਲੰਮਾ ਜਾਮ ਲੱਗ ਗਿਆ।

ਮੌਕੇ 'ਤੇ ਮੌਜੂਦ ਚਸ਼ਮਦੀਦ ਗਵਾਹਾਂ ਨੇ ਦੱਸਿਆ ਕਿ ਫਾਰਚੂਨਰ ਗੱਡੀ ਬਹੁਤ ਹੀ ਤੇਜ਼ ਰਫ਼ਤਾਰ ਵਿੱਚ ਸੀ ਅਤੇ ਡਰਾਈਵਰ ਗੱਡੀ 'ਤੇ ਕੰਟਰੋਲ ਨਹੀਂ ਰੱਖ ਸਕਿਆ, ਜਿਸ ਕਾਰਨ ਇਹ ਭਿਆਨਕ ਹਾਦਸਾ ਵਾਪਰਿਆ। ਟੱਕਰ ਇੰਨੀ ਜ਼ੋਰਦਾਰ ਸੀ ਕਿ ਆਟੋ ਸਵਾਰੀਆਂ ਦੂਰ-ਦੂਰ ਤੱਕ ਜਾ ਡਿੱਗੀਆਂ।

ਹਾਦਸੇ ਵਿੱਚ ਫਾਰਚੂਨਰ ਗੱਡੀ ਵਿੱਚ ਸਵਾਰ ਮਹਿਲਾਵਾਂ ਅਤੇ ਛੋਟੇ ਬੱਚੇ ਵੀ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਤੁਰੰਤ ਐਂਬੂਲੈਂਸ ਰਾਹੀਂ ਨੇੜਲੇ ਹਸਪਤਾਲ ਭੇਜਿਆ ਗਿਆ। ਉੱਥੇ ਹੀ ਆਟੋ ਵਿੱਚ ਸਵਾਰ ਜ਼ਖਮੀਆਂ ਨੂੰ ਵੀ ਇਲਾਜ ਲਈ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ, ਜਿੱਥੇ ਉਹਨਾਂ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਹਾਦਸਾ ਇੰਨਾ ਭਿਆਨਕ ਸੀ ਕਿ ਫਾਰਚੂਨਰ ਕਾਰ ਦਾ ਡਰਾਈਵਰ ਗੱਡੀ ਦੇ ਅੰਦਰ ਬੁਰੀ ਤਰ੍ਹਾਂ ਫਸ ਗਿਆ। ਪੁਲਿਸ ਅਤੇ ਸਥਾਨਕ ਲੋਕਾਂ ਨੇ ਕਾਫ਼ੀ ਮਸ਼ੱਕਤ ਕਰਕੇ ਕਰੀਬ ਅੱਧੇ ਘੰਟੇ ਬਾਅਦ ਡਰਾਈਵਰ ਨੂੰ ਗੱਡੀ ਵਿੱਚੋਂ ਬਾਹਰ ਕੱਢਿਆ।

ਸੂਚਨਾ ਮਿਲਦੇ ਹੀ ਥਾਣਾ ਜ਼ੀਰਕਪੁਰ ਦੀ ਪੁਲਿਸ ਮੌਕੇ 'ਤੇ ਪਹੁੰਚ ਗਈ ਅਤੇ ਹਾਦਸੇ ਦੀ ਜਾਂਚ ਸ਼ੁਰੂ ਕਰ ਦਿੱਤੀ। ਪੁਲਿਸ ਵੱਲੋਂ ਮ੍ਰਿਤਕਾਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਹਾਦਸੇ ਦੇ ਕਾਰਨਾਂ ਦੀ ਗਹਿਰਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

# ਟ੍ਰੈਫਿਕ ਪੁਲਿਸ ਮੁਲਾਜ਼ਮ ਨੂੰ ਬੋਨਟ 'ਤੇ ਲਟਕਾ ਕੇ 500 ਮੀਟਰ ਤੱਕ ਦੌੜਾਈ ਕਾਰ

**ਚੰਡੀਗੜ੍ਹ।** ਸੜਕਾਂ 'ਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਵਾਉਣ ਵਾਲੇ ਪੁਲਿਸ ਮੁਲਾਜ਼ਮਾਂ ਦੀ ਜਾਨ ਕਿੰਨੀ ਖ਼ਤਰੇ ਵਿੱਚ ਹੁੰਦੀ ਹੈ, ਇਸ ਦੀ ਇੱਕ ਰੂਹ ਕੰਬਾਊ ਤਸਵੀਰ ਸਾਹਮਣੇ ਆਈ ਹੈ। ਸੋਸ਼ਲ ਮੀਡੀਆ 'ਤੇ ਮਹਿਜ਼ 2 ਸੈਕਿੰਡ ਦੀ ਇੱਕ ਵੀਡੀਓ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ, ਜਿਸ ਵਿੱਚ ਇੱਕ ਲਾਲ ਰੰਗ ਦੀ ਕਾਰ ਦੇ ਬੋਨਟ 'ਤੇ ਇੱਕ ਟ੍ਰੈਫਿਕ ਪੁਲਿਸ ਕਰਮਚਾਰੀ ਲਟਕਿਆ ਹੋਇਆ ਦਿਖਾਈ ਦੇ ਰਿਹਾ ਹੈ।



**ਕੀ ਹੈ ਪੂਰਾ ਮਾਮਲਾ?**

ਜਾਣਕਾਰੀ ਅਨੁਸਾਰ ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਟ੍ਰੈਫਿਕ ਪੁਲਿਸ ਦਾ ਕਾਂਸਟੇਬਲ ਗੁਰਮੀਤ ਚੌਧਰੀ ਫ-3 ਗੋਲ ਚੱਕਰ 'ਤੇ ਡਿਊਟੀ ਕਰ ਰਿਹਾ ਸੀ। ਰੁਟੀਨ ਚੈਕਿੰਗ ਦੌਰਾਨ ਜਦੋਂ ਗੁਰਮੀਤ ਨੇ ਇੱਕ ਲਾਲ ਰੰਗ ਦੀ ਕਾਰ ਨੂੰ ਰੁਕਣ ਦਾ ਇਸ਼ਾਰਾ ਕੀਤਾ, ਤਾਂ ਕਾਰ ਚਾਲਕ ਨੇ ਗੱਡੀ ਰੋਕਣ ਦੀ ਬਜਾਏ ਤੇਜ਼ ਰਫ਼ਤਾਰ ਨਾਲ ਪੁਲਿਸ ਮੁਲਾਜ਼ਮ ਨੂੰ ਟੱਕਰ ਮਾਰਨ ਦੀ ਕੋਸ਼ਿਸ਼ ਕੀਤੀ।

ਆਪਣੀ ਜਾਨ ਬਚਾਉਣ ਲਈ ਕਾਂਸਟੇਬਲ ਗੁਰਮੀਤ ਨੇ ਤੁਰੰਤ ਛਾਲ ਮਾਰੀ ਅਤੇ ਉਹ ਕਾਰ ਦੇ ਬੋਨਟ 'ਤੇ ਜਾ ਡਿੱਗਿਆ। ਪਰ ਬੇਖ਼ੌਫ਼ ਕਾਰ ਚਾਲਕ ਨੇ ਫਿਰ ਵੀ ਗੱਡੀ ਨਹੀਂ ਰੋਕੀ ਅਤੇ ਪੁਲਿਸ ਮੁਲਾਜ਼ਮ ਨੂੰ ਬੋਨਟ 'ਤੇ ਲਟਕਾਈ ਹੋਈ ਹਾਲਤ ਵਿੱਚ ਹੀ ਕਰੀਬ 500 ਮੀਟਰ ਤੱਕ ਘਸੀਟਦਾ ਲੈ ਗਿਆ।

**ਲੋਕਾਂ ਦੇ ਸ਼ੋਰ ਮਚਾਉਣ 'ਤੇ ਬਚੀ ਜਾਨ**

ਰਾਹਗੀਰਾਂ ਨੇ ਜਦੋਂ ਇਹ ਖ਼ੌਫ਼ਨਾਕ ਮੰਜ਼ਰ ਦੇਖਿਆ ਤਾਂ ਉਨ੍ਹਾਂ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਲੋਕਾਂ ਦਾ ਦਬਾਅ ਦੇਖ ਕੇ ਚਾਲਕ ਨੇ ਗੱਡੀ ਰੋਕੀ, ਜਿਸ ਤੋਂ ਬਾਅਦ ਕਾਂਸਟੇਬਲ ਦੀ ਜਾਨ ਬਚ ਸਕੀ।

**ਪੁਲਿਸ ਦੀ ਕਾਰਵਾਈ**

ਪੁਲਿਸ ਪ੍ਰਵਕਤਾ ਨੇ ਦੱਸਿਆ ਕਿ ਕਾਰ ਦੇ ਨੰਬਰ ਦੇ ਆਧਾਰ 'ਤੇ ਮੁਲਜ਼ਮ ਖ਼ਿਲਾਫ਼ ਜਾਨਲੇਵਾ ਹਮਲਾ ਕਰਨ ਅਤੇ ਸਰਕਾਰੀ ਡਿਊਟੀ ਵਿੱਚ ਵਿਘਨ ਪਾਉਣ ਦੇ ਦੋਸ਼ ਹੇਠ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਮੁਲਜ਼ਮ ਦੀ ਗ੍ਰਿਫ਼ਤਾਰੀ ਲਈ ਪੁਲਿਸ ਦੀਆਂ ਵਿਸ਼ੇਸ਼ ਟੀਮਾਂ ਦਾ ਗਠਨ ਕੀਤਾ ਗਿਆ ਹੈ ਅਤੇ ਛਾਪੇਮਾਰੀ ਜਾਰੀ ਹੈ।

SHAM LAL CHANDER ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਮੀਡੀਆ ਕੌਂਸਲ ਆਫ਼ ਜਰਨਲਿਸਟਸ ਦੇ ਰਾਸ਼ਟਰੀ ਪ੍ਰਧਾਨ ਸੰਜੇ ਰਾਠੀ ਵੱਲੋਂ ਮਹਾਰਿਸ਼ੀ ਚਯਵਨ ਰਿਸ਼ੀ ਮੈਡੀਕਲ ਕਾਲਜ ਦਾ ਦੌਰਾ




**ਰੋਹਤਕ/ਨਾਰਨੌਲ: ਗੁਰਭਿੰਦਰ ਗੁਰੀ** ਮੀਡੀਆ ਕੌਂਸਲ ਆਫ਼ ਜਰਨਲਿਸਟਸ ਦੇ ਰਾਸ਼ਟਰੀ ਪ੍ਰਧਾਨ ਸੰਜੇ ਰਾਠੀ ਨੇ ਅੱਜ ਮਹਾਰਿਸ਼ੀ ਚਯਵਨ ਰਿਸ਼ੀ ਮੈਡੀਕਲ ਕਾਲਜ, ਕੋਰਿਆਵਾਸ (ਨਾਰਨੌਲ) ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਸ਼੍ਰੀ ਰਾਜ ਸਿੰਘ ਨਾਂਦਲ, ਸਾਬਕਾ ਪ੍ਰਧਾਨ ਜਾਟ ਐਜੂਕੇਸ਼ਨ ਸੋਸਾਇਟੀ, ਰੋਹਤਕ ਵੀ ਮੌਜੂਦ ਰਹੇ।

ਕਾਲਜ ਦੇ ਨਿਰਦੇਸ਼ਕ ਡਾ. ਬਿਜੇਂਦਰ ਸਿੰਘ ਢਿੱਲੋਂ ਨੇ ਮਹਿਮਾਨਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਅਤੇ ਆਪਣੇ ਸਟਾਫ਼ ਅਤੇ ਡਾਕਟਰਾਂ ਸਮੇਤ ਉਨ੍ਹਾਂ ਨੂੰ ਕਾਲਜ ਦੀਆਂ ਸ਼ੈਖ਼ਣਿਕ, ਚਿਕਿਤਸਕ ਅਤੇ ਸਿਹਤ ਸੰਬੰਧੀ ਸੁਵਿਧਾਵਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਕਾਲਜ ਵਿੱਚ ਵਿਦਿਆਰਥੀਆਂ ਨੂੰ ਅਧੁਨਿਕ ਤਕਨੀਕਾਂ ਨਾਲ ਤਿਆਰ ਕੀਤਾ ਜਾਂਦਾ ਹੈ ਅਤੇ ਮਰੀਜ਼ਾਂ ਲਈ ਆਧੁਨਿਕ ਇਲਾਜੀ ਸੁਵਿਧਾਵਾਂ ਉਪਲਬਧ ਹਨ।

ਇਸ ਮੌਕੇ ਸ਼੍ਰੀ ਰਾਜ ਸਿੰਘ ਨਾਂਦਲ ਨੇ ਖ਼ਾਸ ਤੌਰ 'ਤੇ ਕਾਲਜ ਦੇ ਹਰੇ-ਭਰੇ ਅਤੇ ਸਾਫ਼-ਸੁਥਰੇ ਕੈਂਪਸ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਕੈਂਪਸ ਦੀ ਹਰਿਆਵਲੀ ਅਤੇ ਸਫ਼ਾਈ ਕਾਬਿਲ-ਏ-ਤਾਰੀਫ਼ ਹੈ ਅਤੇ ਡਾ. ਬਿਜੇਂਦਰ ਸਿੰਘ ਤੇ ਉਨ੍ਹਾਂ ਦੀ ਟੀਮ ਦੇ ਯਤਨ ਵਾਕਈ ਸਲਾਹਣਯੋਗ ਹਨ।

ਸੰਜੇ ਰਾਠੀ ਨੇ ਕਾਲਜ ਦੀਆਂ ਉਪਲਬਧੀਆਂ ਦੀ ਸਰਾਹਨਾ ਕਰਦੇ ਹੋਏ ਕਿਹਾ ਕਿ ਇਹ ਸੰਸਥਾ ਸਿਹਤ ਖੇਤਰ ਵਿੱਚ ਉਤਕ੍ਰਿਸ਼ਟਤਾ ਅਤੇ ਨਵੀਨਤਾ ਦੀ ਪ੍ਰਤੀਕ ਹੈ। ਉਨ੍ਹਾਂ ਡਾ. ਬਿਜੇਂਦਰ ਸਿੰਘ ਅਤੇ ਉਨ੍ਹਾਂ ਦੇ ਸਟਾਫ਼ ਨੂੰ ਉਨ੍ਹਾਂ ਦੀ ਲਗਨ ਅਤੇ ਮਿਹਨਤ ਲਈ ਵਧਾਈ ਦਿੱਤੀ ਅਤੇ ਭਵਿੱਖ ਲਈ ਸ਼ੁਭਕਾਮਨਾਵਾਂ ਭੇਟ ਕੀਤੀਆਂ।

ਇਸ ਦੌਰਾਨ ਕਾਲਜ ਦੇ ਡਾਕਟਰ, ਸਟਾਫ਼ ਅਤੇ ਵਿਦਿਆਰਥੀ ਵੀ ਹਾਜ਼ਰ ਰਹੇ ਅਤੇ ਸੰਸਥਾ ਵੱਲੋਂ ਚਲਾਏ ਜਾ ਰਹੇ ਸਿਹਤ ਸੇਵਾ ਅਤੇ ਸਮਾਜਕ ਸਿਹਤ ਕਾਰਜਕ੍ਰਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ।

## ਇੰਟਰਵਰਸਿਟੀ ਮੁਕਾਬਲਿਆਂ 'ਚ ਖਾਲਸਾ ਕਾਲਜ ਦੀਆਂ ਖਿਡਾਰਨਾਂ ਨੇ ਚਮਕਾਇਆ ਕਾਲਜ ਦਾ ਨਾਂ

**ਪੰਜਾਬੀ ਯੂਨੀਵਰਸਿਟੀ ਪਟਿਆਲਾ ਲਈ ਖਾਲਸਾ ਕਾਲਜ ਦੀ ਖਿਡਾਰਨ ਨੇ ਜਿੱਤਿਆ ਕਾਂਸੇ ਦਾ ਤਗਮਾ**




**ਰੂਪਨਗਰ ( ਜਤਿੰਦਰ ਪਾਲ ਸਿੰਘ ਕਲੇਰ )** ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਦੀ ਵੇਟ ਲਿਫਟਿੰਗ ਖਿਡਾਰਨ ਰਵਨਦੀਪ ਕੌਰ ਨੇ ਪੰਜਾਬੀ ਯੂਨੀਵਰਸਿਟੀ ਪਟਿਆਲ਼ਾ ਦੀ ਪ੍ਰਤੀਨਿਧਤਾ ਕਰਦਿਆਂ ਆਲ ਇੰਡੀਆ ਇੰਟਰਵਰਸਟੀ ਮਹਿਲਾ ਵੇਟ ਲਿਫਟਿੰਗ ਚੈਂਪੀਅਨਸ਼ਿਪ ਜੋ ਕਿ 26 ਜਨਵਰੀ ਤੋਂ 30 ਜਨਵਰੀ 2026 ਤੱਕ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਚੱਲ ਰਹੀ ਹੈ ਵਿਚ ਆਪਣੀ ਖੇਡ ਦਾ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 69 ਕਿਲੋਗ੍ਰਾਮ ਵੇਟ ਕੈਟਾਗਰੀ ਵਿੱਚ ਕੁੱਲ 181 ਕਿਲੋ ਭਾਰ ਚੁੱਕ ਕੇ ਕਾਂਸੇ ਦਾ ਤਗਮਾ ਜਿੱਤ ਕੇ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਨਾਂ ਪੂਰੇ ਦੇਸ਼ ਵਿੱਚ ਰੌਸ਼ਨ ਕੀਤਾ ਹੈ ਲ ਇਸ ਮੁਕਾਬਲੇ ਵਿੱਚ ਕਾਲਜ ਦੀਆਂ ਦੋ ਹੋਰ ਖਿਡਾਰਨਾਂ ਮਨਪ੍ਰੀਤ ਕੌਰ ਅਤੇ ਨਰੇਂਦਰ ਕੌਰ ਵੀ ਭਾਗ ਲੈ ਰਹੀਆਂ ਹਨ, ਇਹਨਾਂ ਖਿਡਾਰਨਾਂ ਵੱਲੋ ਵੀ ਵਧੀਆ ਖੇਡ ਪ੍ਰਦਰਸ਼ਨ ਦੀ ਉਮੀਦ ਕੀਤੀ ਜਾ ਰਹੀ ਹੈ।

ਇਸ ਸ਼ਾਨਦਾਰ ਪ੍ਰਾਪਤੀ 'ਤੇ ਕਾਲਜ ਦੇ ਪ੍ਰਿੰਸੀਪਲ ਡਾ. ਜਸਵੀਰ ਸਿੰਘ ਨੇ ਖਿਡਾਰੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਸਫਲਤਾ ਵਿਦਿਆਰਥੀਆਂ ਦੀ ਸਖ਼ਤ ਮਿਹਨਤ, ਅਨੁਸ਼ਾਸਨ ਅਤੇ ਅਧਿਆਪਕਾਂ ਦੀ ਸਹੀ ਰਹਿਨੁਮਾਈ ਦਾ ਨਤੀਜਾ ਹੈ। ਉਨ੍ਹਾਂ ਇਸ ਮੌਕੇ ਪ੍ਰੋ. ਅਸ਼ੋਕ ਕੁਮਾਰ (ਮੁੱਖੀ, ਸਰੀਰਕ ਸਿੱਖਿਆ ਵਿਭਾਗ) ਅਤੇ ਪ੍ਰੋ. ਜਗਵੰਤ ਸਿੰਘ ਦੀ ਵਿਸ਼ੇਸ਼ ਤੌਰ 'ਤੇ ਸ਼ਲਾਘਾ ਕਰਦਿਆਂ ਖਿਡਾਰੀਆਂ ਨੂੰ ਭਵਿੱਖ ਦੇ ਮੁਕਾਬਲਿਆਂ ਲਈ ਹੋਰ ਮਿਹਨਤ ਕਰਨ ਦੀ ਪ੍ਰੇਰਣਾ ਦਿੱਤੀ।

## ਨਾਲਾਗੜ੍ਹ ਪੁਲਿਸ ਥਾਣਾ ਬਲਾਸਟ ਕੇਸ: ਬੱਬਰ ਖਾਲਸਾ ਇੰਟਰਨੈਸ਼ਨਲ ਨਾਲ ਜੁੜੇ ਦੋ ਵਿਅਕਤੀ ਨਵਾਂਸ਼ਹਿਰ ਤੋਂ ਗ੍ਰਿਫ਼ਤਾਰ; ਆਈ.ਈ.ਡੀ. ਬਰਾਮਦ

**● ਗ੍ਰਿਫ਼ਤਾਰ ਮੁਲਜ਼ਮ ਗੁਰਪ੍ਰੀਤ ਉਰਫ਼ ਗੋਪੀ ਨਵਾਂਸ਼ਹਿਰੀਆ ਅਤੇ ਬੀ.ਕੇ.ਆਈ. ਦੇ ਮਾਸਟਰਮਾਈਂਡ ਹਰਵਿੰਦਰ ਰਿੰਦਾ ਦੇ ਕਰੀਬੀ ਸਾਥੀ ਸ਼ੁਸ਼ਾਂਤ ਚੋਪੜਾ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਹੇ ਸਨ: ਡੀ.ਜੀ.ਪੀ. ਗੌਰਵ ਯਾਦਵ ● ਨਾਲਾਗੜ੍ਹ ਧਮਾਕੇ ਵਿੱਚ ਸ਼ਾਮਲ ਦੋ ਹੋਰ ਵਿਅਕਤੀਆਂ ਦੀ ਪਛਾਣ ਹੋਈ, ਮੁਲਜ਼ਮਾਂ ਨੂੰ ਫੜਨ ਲਈ ਛਾਪੇਮਾਰੀ ਜਾਰੀ: ਐਸ.ਐਸ.ਪੀ. ਤੁਸ਼ਾਰ ਗੁਪਤਾ**





**ਨਵਾਂਸ਼ਹਿਰ, (ਜਤਿੰਦਰ ਪਾਲ ਸਿੰਘ ਕਲੇਰ )** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਜਾਰੀ ਮੁਹਿੰਮ ਦਰਮਿਆਨ ਪੰਜਾਬ ਪੁਲਿਸ ਨੇ ਹਿਮਾਚਲ ਪ੍ਰਦੇਸ਼ ਦੇ ਨਾਲਾਗੜ੍ਹ ਪੁਲਿਸ ਥਾਣਾ ਬਲਾਸਟ ਕੇਸ ਦੀ ਜਾਂਚ ਵਿੱਚ ਇੱਕ ਵੱਡੀ ਸਫ਼ਲਤਾ ਹਾਸਲ ਕਰਦਿਆਂ ਪਾਕਿ-ਆਈਐਸਆਈ ਤੋਂ ਹਮਾਇਤ ਪ੍ਰਾਪਤ ਬੱਬਰ ਖਾਲਸਾ ਇੰਟਰਨੈਸ਼ਨਲ (ਬੀ.ਕੇ.ਆਈ.) ਅੱਤਵਾਦੀ ਨੈੱਟਵਰਕ ਨਾਲ ਜੁੜੇ ਇੱਕ ਨਾਰਕੋ-ਅੱਤਵਾਦੀ ਮਾਡਿਊਲ ਦੀ ਸ਼ਮੂਲੀਅਤ ਦਾ ਪਰਦਾਫਾਸ਼ ਕਰਕੇ ਇਸਦੇ ਦੋ ਕਾਰਕੁਨਾਂ ਨੂੰ ਗ੍ਰਿਫਤਾਰ ਕੀਤਾ ਹੈ। ਇਹ ਜਾਣਕਾਰੀ ਅੱਜ ਇਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ.ਜੀ.ਪੀ.) ਪੰਜਾਬ ਗੌਰਵ ਯਾਦਵ ਨੇ ਦਿੱਤੀ। ਇਹ ਕਾਰਵਾਈ ਹਿਮਾਚਲ ਪ੍ਰਦੇਸ਼ ਪੁਲਿਸ ਅਤੇ ਕੇਂਦਰੀ ਏਜੰਸੀਆਂ ਨਾਲ ਨੇੜਿਓਂ ਤਾਲਮੇਲ ਰਾਹੀਂ ਕੀਤੀ ਗਈ।

ਗ੍ਰਿਫ਼ਤਾਰ ਮੁਲਜ਼ਮਾਂ ਦੀ ਪਛਾਣ ਸ਼ਮਸ਼ੇਰ ਸਿੰਘ ਉਰਫ਼ ਸ਼ੇਰੂ ਉਰਫ਼ ਕਮਲ ਅਤੇ ਪ੍ਰਦੀਪ ਸਿੰਘ ਉਰਫ਼ ਦੀਪੂ ਵਜੋਂ ਹੋਈ ਹੈ, ਜੋ ਐਸਬੀਐਸ ਅਧੀਨ ਪੈਂਦੇ ਕਸਬਾ ਰਾਹੋਂ ਦੇ ਰਹਿਣ ਵਾਲੇ ਹਨ। ਪੁਲਿਸ ਟੀਮਾਂ ਨੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਇੱਕ ਇੰਪਰੂਵਾਈਜ਼ਡ ਐਕਸਪਲੋਸਿਵ ਡਿਵਾਈਸ (ਆਈਈਡੀ) ਵੀ ਬਰਾਮਦ ਕੀਤੀ ਹੈ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਗੁਰਪ੍ਰੀਤ ਉਰਫ਼ ਗੋਪੀ ਨਵਾਂਸ਼ਹਿਰੀਆ ਅਤੇ ਬੀਕੇਆਈ ਦੇ ਮਾਸਟਰਮਾਈਂਡ ਹਰਵਿੰਦਰ ਰਿੰਦਾ ਦੇ ਨਜ਼ਦੀਕੀ ਸਾਥੀ ਸ਼ੁਸ਼ਾਂਤ ਚੋਪੜਾ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਹੇ ਸਨ। ਡੀਜੀਪੀ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਮੁਲਜ਼ਮਾਂ ਨੇ 31 ਦਸੰਬਰ, 2025 ਨੂੰ ਆਪਣੇ ਦੋ ਸਾਥੀਆਂ ਨਾਲ ਮਿਲ ਕੇ ਪੰਜਾਬ ਤੋਂ ਹਿਮਾਚਲ ਪ੍ਰਦੇਸ਼ ਇੱਕ ਆਈਈਡੀ ਪਹੁੰਚਾਈ ਸੀ, ਜਿਸਦੀ ਵਰਤੋਂ ਪੁਲਿਸ ਅਦਾਰਿਆਂ ਨੂੰ ਨਿਸ਼ਾਨਾ ਬਣਾਉਣ ਦੀ ਇੱਕ ਵੱਡੀ ਸਾਜ਼ਿਸ਼ ਦੇ ਹਿੱਸੇ ਵਜੋਂ 1 ਜਨਵਰੀ, 2026 ਨੂੰ ਹੋਏ ਨਾਲਾਗੜ੍ਹ ਪੁਲਿਸ ਸਟੇਸ਼ਨ ਧਮਾਕੇ ਵਿੱਚ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਅਗਲੇ ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਜਾਰੀ ਹੈ। ਨਵਾਂਸ਼ਹਿਰ ਦੇ ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀ) ਤੁਸ਼ਾਰ ਗੁਪਤਾ ਨੇ ਕਾਰਵਾਈ ਦੇ ਵੇਰਵੇ ਸਾਂਝੇ ਕਰਦਿਆਂ ਕਿਹਾ ਕਿ ਰਾਹੋਂ ਪੁਲਿਸ ਥਾਣੇ ਵਿਖੇ ਐਨਡੀਪੀਐਸ ਐਕਟ ਦੀਆਂ ਧਾਰਾਵਾਂ ਤਹਿਤ ਦਰਜ ਕੀਤੀ ਗਈ ਐਫਆਈਆਰ ਦੀ ਜਾਂਚ ਦੌਰਾਨ ਗ੍ਰਿਫ਼ਤਾਰ ਮੁਲਜ਼ਮਾਂ ਦੀ ਸ਼ੁਸ਼ਾਂਤ ਚੋਪੜਾ ਦੇ ਨਿਰਦੇਸ਼ਾਂ 'ਤੇ ਕੰਮ ਕਰਨ ਦੀ ਭੂਮਿਕਾ ਬਾਰੇ ਖੁਲਾਸਾ ਹੋਇਆ। ਐਸਐਸਪੀ ਨੇ ਕਿਹਾ ਕਿ ਇਨ੍ਹਾਂ ਖੁਲਾਸਿਆਂ ਅਤੇ ਫਾਲੋ-ਅੱਪ ਕਾਰਵਾਈ ਦੇ ਆਧਾਰ 'ਤੇ ਮੁਲਜ਼ਮਾਂ ਦੁਆਰਾ ਦੱਸੇ ਗਏ ਸਥਾਨ ਤੋਂ ਇੱਕ ਆਈਈਡੀ ਬਰਾਮਦ ਕੀਤਾ ਗਿਆ ਹੈ, ਜੋ ਇਸ ਅੱਤਵਾਦੀ ਸਾਜ਼ਿਸ਼ ਵਿੱਚ ਉਨ੍ਹਾਂ ਦੀ ਸ਼ਮੂਲੀਅਤ ਦੀ ਪੁਸ਼ਟੀ ਕਰਦਾ ਹੈ। ਪੁਲਿਸ ਟੀਮਾਂ ਨੇ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੇ ਦੋ ਸਾਥੀਆਂ ਦੀ ਵੀ ਪਛਾਣ ਕਰ ਲਈ ਹੈ ਅਤੇ ਉਨ੍ਹਾਂ ਨੂੰ ਫੜਨ ਲਈ ਛਾਪੇਮਾਰੀ ਜਾਰੀ ਹੈ। ਇਸ ਸਬੰਧ ਵਿੱਚ ਅਸਲਾ ਐਕਟ ਦੀ ਧਾਰਾ 25, ਵਿਸਫੋਟਕ ਪਦਾਰਥ ਐਕਟ ਦੀ ਧਾਰਾ 4 ਅਤੇ 5, ਗੈਰ-ਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ (ਯੂਏਪੀਏ) ਦੀ ਧਾਰਾ 10,13, 15, 16, 17 ਅਤੇ 18 ਅਤੇ ਭਾਰਤੀ ਨਿਆਂ ਸੰਹਿਤਾ (ਬੀਐਨਐਸ) ਦੀ ਧਾਰਾ 113(1) ਅਤੇ 113(3) ਤਹਿਤ ਪੁਲਿਸ ਥਾਣਾ ਰਾਹੋਂ ਵਿਖੇ ਇੱਕ ਵੱਖਰੀ ਐਫਆਈਆਰ ਨੰ. 20 ਮਿਤੀ 29/01/2026 ਦਰਜ ਕੀਤੀ ਗਈ ਹੈ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਅੰਤਰਰਾਸ਼ਟਰੀ ਹਾਕੀ ਖਿਡਾਰੀ ਕਮਲਪ੍ਰੀਤ ਸਿੰਘ ਚਾਹਲ ਐਸ. ਪੀ 3 ਨੇ ਜਰਖੜ ਹਾਕੀ ਅਕੈਡਮੀ ਦਾ ਕੀਤਾ ਦੌਰਾ

## ਜਰਖੜ ਸਟੇਡੀਅਮ ਨਾਲ ਆਪਣੀਆਂ ਪੁਰਾਣੀਆਂ ਜੁੜੀਆਂ ਯਾਦਾਂ ਨੂੰ ਕੀਤਾ ਸਾਂਝਾ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਅੰਤਰਰਾਸ਼ਟਰੀ ਹਾਕੀ ਖਿਡਾਰੀ, 2001 ਜੂਨੀਅਰ ਵਿਸ਼ਵ ਕੱਪ ਦੇ ਜੇਤੂ ਖਿਡਾਰੀ ਕਮਲਪ੍ਰੀਤ ਸਿੰਘ ਚਾਹਲ ਲੁਧਿਆਣਾ ਵਿਖੇ ਐਸ.ਪੀ 3 ਦੇ ਅਹੁਦੇ ਤੇ ਬਿਰਾਜਮਾਨ ਹਨ ਨੇ ਅੱਜ ਅਚਨਚੇਤ ਜਰਖੜ ਹਾਕੀ ਅਕੈਡਮੀ ਦਾ ਦੌਰਾ ਕੀਤਾ । ਜਿੱਥੇ ਜਰਖੜ ਹਾਕੀ ਅਕੈਡਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ ਨੇ ਉਹਨਾਂ ਨੂੰ 'ਜੀ ਆਇਆਂ' ਆਖਿਆ ਅਤੇ ਯਾਦਗਾਰੀ ਐਵਾਰਡ ਅਤੇ ਲੋਈ ਪਾ ਕੇ ਸਨਮਾਨਿਤ ਕੀਤਾ। ਇਸ ਮੌਕੇ ਕਮਲਪ੍ਰੀਤ ਸਿੰਘ ਚਾਹਲ ਨੇ ਜਰਖੜ ਖੇਡ ਸਟੇਡੀਅਮ ਨਾਲ ਆਪਣੀਆਂ ਜੁੜੀਆਂ ਪੁਰਾਣੀਆਂ ਯਾਦਾਂ ਨੂੰ ਸਾਂਝਾ ਕੀਤਾ । ਅੱਜ ਤੋਂ ਦੋ ਦਹਾਕੇ ਪਹਿਲਾਂ ਕਵਨਪ੍ਰੀਤ ਚਾਹਲ ਨੇ ਜਰਖੜ ਖੇਡਾਂ ਉੱਤੇ ਕਈ ਸਾਲ ਆਪਣੇ ਹਾਕੀ ਦੇ ਹੁਨਰ ਦਾ ਲੋਹਾ ਮਨਵਾਇਆ ਸੀ। ਉਨ੍ਹਾਂ ਨੇ ਜਰਖੜ ਖੇਡ ਸਟੇਡੀਅਮ ਦੀਆਂ ਪੁਰਾਣੀਆਂ ਜਿੱਤਾਂ ਨੂੰ ਯਾਦ ਕੀਤਾ । ਉਹਨਾਂ ਆਖਿਆ ਜਰਖੜ ਹਾਕੀ ਅਕੈਡਮੀ ਲੋੜਵੰਦ ਅਤੇ ਗ਼ਰੀਬ ਘਰਾਂ ਦੇ ਲੜਕਿਆਂ ਲਈ ਇੱਕ ਵਰਦਾਨ ਸਾਬਿਤ ਹੋ ਰਹੀ ਹੈ । ਇਸ ਅਕੈਡਮੀ ਦੀਆਂ ਪ੍ਰਾਪਤੀਆਂ ਨੇ ਨਾ ਸਿਰਫ ਲੋੜਵੰਦ ਅਤੇ ਗ਼ਰੀਬ ਘਰਾਂ ਦੇ ਅਨੇਕਾਂ ਖਿਡਾਰੀਆਂ ਨੂੰ ਨੌਕਰੀ ਦਵਾਈ



ਸਗੋਂ ਹਾਕੀ ਸੱਭਿਆਚਾਰ ਨੂੰ ਵੀ ਪ੍ਰਫੁੱਲਿਤ ਕਰਨ ਦੇ ਵਿੱਚ ਆਪਣਾ ਅਹਿਮ ਯੋਗਦਾਨ ਪਾਇਆ ਹੈ । ਇਸ ਮੌਕੇ ਉਹਨਾਂ ਦੇ ਚਾਚਾ ਜੀ ਸਾਬਕਾ ਕੌਮੀ ਹਾਕੀ ਖਿਡਾਰੀ ਜਸਵੀਰ ਸਿੰਘ ਚਾਹਲ ਯੂ.ਐਸ.ਏ. ਅਤੇ ਸੁਖਦੇਵ ਸਿੰਘ ਸੁੱਖਾ ਬੇਕਰਜ਼ ਫੀਲਡ ਅਮਰੀਕਾ ਵਾਲਿਆਂ, ਪੰਜਾਬ ਐਂਡ ਸਿੰਧ ਬੈਂਕ ਦੇ ਸਾਬਕਾ ਕੌਮੀ ਹਾਕੀ




ਖਿਡਾਰੀ ਬਲਵੰਤ ਸਿੰਘ ਬੁੱਢੇਵਾਲ ਨੇ ਵੀ ਜਰਖੜ ਹਾਕੀ ਅਕੈਡਮੀ ਦੇ ਬੱਚਿਆਂ ਨੂੰ ਆਪਣਾ ਆਸ਼ੀਰਵਾਦ ਵੀ ਦਿੱਤਾ ਅਤੇ ਚੰਗੇ ਖਿਡਾਰੀ ਬਣਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਚਾਹਲ ਪਰਿਵਾਰ ਨੇ ਜਰਖੜ ਹਾਕੀ ਅਕੈਡਮੀ ਨੂੰ 50 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਵੀ ਦਿੱਤੀ । ਇਸ ਮੌਕੇ ਜਰਖੜ ਹਾਕੀ ਅਕੈਡਮੀ ਦੇ ਸਮੂਹ ਖਿਡਾਰੀਆਂ ਤੋਂ ਇਲਾਵਾ ਸਾਬਕਾ ਕੌਮੀ ਹਾਕੀ ਖਿਡਾਰੀ ਕੋਚ ਹਰਮੀਤ ਸਿੰਘ ਜਰਖੜ, ਪਰਮਜੀਤ ਸਿੰਘ ਪੰਮਾ ਗਰੇਵਾਲ, ਪਵਨਪ੍ਰੀਤ ਸਿੰਘ ਡੰਗੋਰਾ, ਰਘਬੀਰ ਸਿੰਘ ਡੰਗੋਰਾ, ਵਿੱਕੀ ਜਰਖੜ, ਜਸਵੀਰ ਸਿੰਘ ਗੁਰਮ, ਸ਼ਿੰਗਾਰਾ ਸਿੰਘ ਜਰਖੜ ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਗਣਤੰਤਰ ਦਿਵਸ ਮੌਕੇ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਨੂੰ ਕੈਬਨਿਟ ਮੰਤਰੀ ਈਟੀਓ ਵੱਲੋਂ ਵਿਸ਼ੇਸ਼ ਸਨਮਾਨ

## ਖ਼ੂਨਦਾਨ ਦੀ ਜਾਗਰੂਕ ਮੁਹਿੰਮ ਨੂੰ ਪ੍ਰਚੰਡ ਕਰਨ ਤੇ ਨਿਸ਼ਕਾਮ ਸੇਵਾਵਾਂ ਲਈ ਮਿਲਿਆ ਡਿਸਟ੍ਰਿਕਟ ਸੇਵਾ ਅਵਾਰਡ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਬੀਤੇ ਦਿਨੀ ਗਣਤੰਤਰ ਦਿਵਸ ਮੌਕੇ 'ਤੇ ਜ਼ਿਲ੍ਹਾ ਲੁਧਿਆਣਾ ਵਿਖੇ ਆਯੋਜਿਤ ਕੀਤੇ ਗਏ ਜ਼ਿਲ੍ਹਾ ਪੱਧਰੀ ਸਮਾਰੋਹ ਦੌਰਾਨ ਪੰਜਾਬ ਸਟੇਟ ਅਵਾਰਡੀ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਸੰਸਥਾਪਕ ਅਤੇ ਮੁੱਖ ਸੇਵਾਦ-ਾਰ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ:) ਨੂੰ ਉਨ੍ਹਾਂ ਦੇ ਵੱਲੋਂ ਸਮਾਜ ਦੇ ਲਈ ਕੀਤੇ ਗਏ ਮਾਣਮੱਤੀ ਕਾਰਜਾਂ ਖਾਸ ਕਰਕੇ ਖ਼ੂਨਦਾਨ ਦੀ ਜਾਗਰੂਕ ਮੁਹਿੰਮ ਨੂੰ ਪ੍ਰਚੰਡ ਕਰਨ ਵਿੱਚ ਪਾਏ ਗਏ ਵਡਮੁੱਲੇ ਨਿਸ਼ਕਾਮ ਯੋਗਦਾਨ ਲਈ ਡਿਸਟ੍ਰਿਕਟ ਸੇਵਾ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਸਥਾਨਕ ਪੀ.ਏ.ਯੂ ਦੀ ਗਰਾਊਂਡ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਰਵਾਏ ਗਏ ਗਣਤੰਤਰ ਦਿਵਸ ਸਮਾਗਮ ਦੌਰਾਨ ਪੰਜਾਬ ਦੇ ਕੈਬਿਨੇਟ ਮੰਤਰੀ ਸ਼੍ਰੀ ਹਰਭਜਨ ਸਿੰਘ ਈਟੀਓ ਨੇ ਉਕਤ ਡਿਸਟ੍ਰਿਕਟ ਸੇਵਾ ਅਵਾਰਡ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਨੂੰ ਭੇਟ ਕਰਕੇ ਉਨ੍ਹਾਂ ਨੂੰ ਸਨਮਾਨਿਤ ਕੀਤਾ । ਇਸ ਸਮੇਂ ਡਿਪਟੀ ਕਮਿਸ਼ਨਰ ਲੁਧਿਆਣਾ ਸ਼੍ਰੀ ਹਿਮਾਂਸ਼ੂ ਜੈਨ ਜੀ, ਸਮੂਹ ਜ਼ਿਲ੍ਹਾ ਪ੍ਰਸ਼ਾਸਨ ਦੇ ਪ੍ਰਮੁੱਖ ਅਧਿਕਾਰੀ, ਵਿਧਾਇਕ ਸ਼੍ਰੀ ਪੱਪੀ ਪ੍ਰਾਸ਼ਰ, ਵਿਧਾਇਕ ਸ਼੍ਰੀ ਮਦਨ ਲਾਲ ਬੱਗਾ, ਵਿਧਾਇਕ ਸ਼੍ਰੀ ਕੁਲਵੰਤ ਸਿੰਘ ਸਿੱਧੂ, ਵਿਧਾਇਕ ਸ਼੍ਰੀ



ਦਲਜੀਤ ਸਿੰਘ ਭੋਲਾ, ਮੇਅਰ ਲੁਧਿਆਣਾ ਪ੍ਰਿੰ: ਇੰਦਰਜੀਤ ਕੌਰ ਵਿਸ਼ੇਸ਼ ਤੌਰ ਤੇ ਹਾਜ਼ਰ ਸਨ । ਗੌਰਤਲਬ ਹੈ ਕਿ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਨੂੰ ਇਹ ਐਵਾਰਡ ਉਨ੍ਹਾਂ ਨੂੰ ਖ਼ੂਨਦਾਨ ਦੇ ਖੇਤਰ ਵਿੱਚ ਪੰਜਾਬ ਰਾਜ ਵਿੱਚ ਕੀਤੀਆਂ ਗਈਆਂ ਬੇਮਿਸਾਲ ਨਿਸ਼ਕਾਮ ਸੇਵਾਵਾਂ ਤੇ ਸਮਾਜ ਸੇਵੀ ਕਾਰਜਾਂ ਲਈ ਦਿੱਤਾ ਗਿਆ, ਕਿਉਂਕਿ ਉਨ੍ਹਾਂ ਦੀ ਸੰਸਥਾ ਲਗਭਗ 22 ਸਾਲਾਂ ਤੋਂ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਖ਼ੂਨਦਾਨ ਕੈਂਪ ਲਾ ਕੇ ਲੋੜਵੰਦ ਮਰੀਜ਼ਾਂ ਨੂੰ ਖ਼ੂਨ ਨਿਸ਼ਕਾਮ ਰੂਪ ਵਿੱਚ ਲੈ ਕੇ ਦੇਣ ਦੀ ਸੇਵਾ ਕਰ ਰਹੀ ਹੈ । ਅੱਜ ਤੱਕ 864 ਖ਼ੂਨਦਾਨ ਕੈਂਪ ਲਾ ਕੇ ਪੰਜਾਬ ਦੇ ਵੱਖ-ਵੱਖ ਜਿਲ੍ਹਿਆਂ ਵਿੱਚ ਸਰਕਾਰੀ ਅਤੇ ਗ਼ੈਰ ਸਰਕਾਰੀ ਬਲੱਡ ਬੈਂਕਾਂ 60,000 ਤੋਂ ਵੱਧ ਖ਼ੂਨ ਦਾਨ ਕਰਵਾ ਕੇ ਜਮਾਂ ਕਰਵਾਇਆ। ਸਰਕਾਰੀ ਅਤੇ ਗ਼ੈਰਸਰਕਾਰੀ ਬਲੱਡ ਬੈਂਕਾਂ ਤੋਂ ਅਤੇ ਲਾਈਵ ਡੋਨਰ ਨੂੰ ਬਲੱਡ ਬੈਂਕਾਂ ਵਿੱਚ ਭੇਜ ਕੇ ਲੱਖਾਂ ਲੋੜਵੰਦ ਮਰੀਜਾਂ ਨੂੰ ਖ਼ੂਨ ਨਿਸ਼ਕਾਮ ਰੂਪ ਵਿੱਚ ਲੈ ਕੇ ਦੇ ਚੁੱਕੇ ਹਨ। ਕੋਵਿਡ-19 ਕਰਫਿਊ ਸਮੇਂ ਦੌਰਾਨ ਖ਼ੂਨ ਦੀ ਭਾਰੀ ਕਿਲਤ ਆਉਣ ਨਾਲ ਮਰੀਜ਼ਾਂ ਦੀ ਜਾਨ ਨੂੰ ਖਤਰਾ ਵਧ ਗਿਆ ਤਾਂ ਇਸ ਸਦੀ ਦੇ ਸਭ ਤੋਂ ਮੁਸ਼ਕਿਲ ਦੌਰ ਕੋਵਿਡ-19 ਸਮੇਂ ਖ਼ੂਨਦਾਨ ਕੈਂਪ ਲਾ ਕੇ ਅਤੇ ਹਸਪਤਾਲਾਂ ਵਿੱਚ ਲਾਈਵ ਡੋਨਰ ਭੇਜੇ । ਕਿਸੇ ਵੀ ਮਰੀਜ਼ ਨੂੰ ਖ਼ੂਨ ਦੀ ਕਮੀ ਨਹੀਂ ਆਉਣ ਦਿੱਤੀ। ਇੱਥੇ ਦੱਸਣਯੋਗ ਹੈ ਕਿ ਜਥੇਦਾਰ ਤਰਨਜੀਤ ਨਿਮਾਣਾ ਵੱਲੋਂ ਖ਼ੂਨਦਾਨ ਦੀ ਮੁਹਿੰਮ ਨੂੰ ਪ੍ਰਚੰਡ ਕਰਨ ਲਈ ਕੀਤੇ ਗਏ ਵੱਡੇ ਉਪਰਾਲੇ ਅਤੇ ਨਿਸ਼ਕਾਮ ਕਾਰਜਾਂ ਲਈ ਪੰਜਾਬ ਸਰਕਾਰ ਵੱਲੋਂ ਪਹਿਲਾਂ ਵੀ 10 ਵਾਰ ਸਟੇਟ ਅਵਾਰਡ ਨਾਲ ਸਨਮਾਨਿਤ ਹੋ ਚੁੱਕੇ ਹਨ । ਸਾਲ 2020 ਵਿੱਚ 26 ਜਨਵਰੀ ਨੂੰ ਗਣਤੰਤਰ ਦਿਹਾੜੇ ਤੇ ਸਨਮਾਨਿਤ ਕੀਤਾ ਜਾ ਚੁੱਕਾ ਹੈ । ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਕਈ ਵਾਰ ਸਨਮਾਨਿਤ ਕੀਤਾ ਜਾ ਚੁੱਕਾ ਹੈ। ਇਸ ਸਮੇਂ ਬਲਦੇਵ ਸਿੰਘ ਸੰਧੂ ਉਹਨਾਂ ਦੇ ਨਾਲ਼ ਸਨ ।

# ਸਨਮਾਨ ਸੁਰਤਾਲ ਅਵਾਜ਼ ਵੈਲਫੇਅਰ ਸੋਸਾਇਟੀ ਰਜਿ ਪੰਜਾਬ ਵਲੋਂ ਪੰਜਾਬ ਚੇਅਰਮੈਨ ਵਿਸ਼ਵ ਸੂਫ਼ੀ ਸੰਤ ਸਮਾਜ ਬਾਬਾ ਦੀਪੂ ਸ਼ਾਹ ਜੀ ਦੀਪਕ ਕੁਮਾਰ ਜੀ ਦਾ

**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਸੁਰਤਾਲ ਅਵਾਜ਼ ਵੈਲਫੇਅਰ ਸੋਸਾਇਟੀ ਰਜਿ ਪੰਜਾਬ ਦੇ ਜਨਰਲ ਸਕੱਤਰ ਪੰਜਾਬੀ ਲੋਕ ਗਾਇਕ ਵਰਿੰਦਰ ਦੁੱਗਲ ਨੇ ਦਸਿਆ ਕਿ ਅੱਜ ਸਾਡੇ ਪਿੰਡ ਧੀਣਾ, ਜਲੰਧਰ ਵਿਚ ਪਹੁੰਚੇ ਆਮ ਆਦਮੀ ਪਾਰਟੀ ਵਲੋਂ ਨਿਯੁਕਤ ਕਿਤੇ ਗਏ ਪੰਜਾਬ ਚੇਅਰਮੈਨ ਬਾਬਾ ਦੀਪਕ ਕੁਮਾਰ ਦੀਪੂ ਸ਼ਾਹ ਜੀ ਜੋ ਪਹਿਲਾਂ ਹੀ ਵਿਸ਼ਵ ਸੂਫ਼ੀ ਸੰਤ ਸਮਾਜ ਦੇ ਪ੍ਰਧਾਨ ਹਨ ਤੇ ਸੁਰਤਾਲ ਆਵਾਜ਼ ਵੈਲਫੇਅਰ ਸੋਸਾਇਟੀ ਰਜਿ ਪੰਜਾਬ ਦੇ ਪੰਜਾਬ ਸਰਪ੍ਰਸਤ ਹਨ ਸਾਡੇ ਵਿੱਚ ਪਹੁੰਚੇ ਤੇ ਉਹਨਾਂ ਦੇ ਪਹੁੰਚਣ ਤੇ ਕੀਤਾ ਗਿਆ ਸਨਮਾਨ ਜਿਹਦੇ ਵਿੱਚ ਸ਼ਾਮਲ ਹੋਇਆ ਸਵਾਗਤਕਰਤਾ



ਪੰਜਾਬ ਚੇਅਰਮੈਨ ਤਰਸੇਮ ਜਲੰਧਰੀ, ਉਪ ਪ੍ਰਧਾਨ ਅਮਰੀਕ ਮਾਈਕਲ, ਮੈਂ ਪੰਜਾਬ ਜਨਰਲ ਸਕੱਤਰ ਵਰਿੰਦਰ ਦੁੱਗਲ ਤੇ ਹੋਰ ਮੈਂਬਰ ਵੀ ਹਾਜ਼ਰ ਰਹੇ । ਸਾਡੇ ਵਲੋ ਅਕਾਲ ਪੁਰਖ ਅੱਗੇ ਇਹੀ ਬੇਨਤੀ ਕੀਤੀ ਗਈ ਕਿ ਬਾਬਾ ਦੀਪਕ ਕੁਮਾਰ ਦੀਪੂ ਸ਼ਾਹ ਜੀ ਵਧ ਚੜ੍ਹ ਕੇ ਕਲਾਕਾਰਾਂ ਦਾ ਸਹਿਯੋਗ ਕਰਦੇ ਰਹਿਣ ਤੇ ਸੇਵਾ ਕਰਦੇ ਰਹਿਣ ।

# ਕਾਰਵਾਨੇ ਅਦਬ ਪੰਜਾਬ , ਮਾਲੇਰ ਕੋਟਲਾ ਵੱਲੋਂ ਇੱਕ ਸਾਹਿਤਿਕ ਬੈਠਕ ਦਾ ਆਯੋਜਨ

**ਮਾਲੇਰ ਕੋਟਲਾ (ਕੁਲਵੰਤ ਸਿੰਘ ਮੁਹਾਲੀ)** ਮਾਲੇਰਕੋਟਲਾ ਦੀ ਨਾਮਵਰ ਸਾਹਿਤਿਕ ਸੰਸਥਾ ਕਾਰਵਾਨੇ ਅਦਬ ਪੰਜਾਬ, ਮਲੇਰਕੋਟਲਾ ਵੱਲੋਂ ਇੱਕ ਸਾਹਿਤਿਕ ਬੈਠਕ ਦਾ ਆਯੋਜਨ ਮੁਹੰਮਦ ਮੁਅਜ਼ਮ ਸੈਫੀ ਦੀ ਰਿਹਾਇਸ਼ ਤੇ ਕੀਤਾ ਗਿਆ। ਜਿਸ ਵਿੱਚ ਅੰਤਰਰਾਸ਼ਟਰੀ ਸ਼ਾਇਰ ਡਾਕਟਰ ਮੁਹੰਮਦ ਇਕਬਾਲ ਦਾ ਤਰਹੀ ਮਿਸਰਾ 'ਹਮਾਰੇ ਘਰ ਮੇ ਹੈਰਾਨੀ ਰਹੇਗੀ' ਤੇ ਕਾਵਿ ਚੁਣੌਤੀ ਦਿੱਤੀ ਗਈ। ਇਸ ਬੈਠਕ ਦੀ ਪ੍ਰਧਾਨਗੀ ਉਸਤਾਦ ਸ਼ਾਇਰ ਸ੍ਰੀ ਜਫਰ ਅਹਿਮਦ ਜਫਰ, ਪ੍ਰਧਾਨ ਕਾਰਵਾਨੇ ਅਦਬ ਪੰਜਾਬ ਨੇ ਕੀਤੀ ਅਤੇ ਮੁੱਖ ਮਹਿਮਾਨ ਦੇ ਤੌਰ ਤੇ ਮਸ਼ਹੂਰ ਸ਼ਾਇਰ ਅਤੇ ਉੱਘੇ ਇਤਿਹਾਸਕਾਰ ਸ਼ੇਖ ਇਫਤਖਾਰ ਹੁਸੈਨ ਪਹੁੰਚੇ। ਸ੍ਰੀ ਜਫਰ ਅਹਿਮਦ ਜਫਰ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਿਹਾ ਕਿ ਇਸ ਬੈਠਕ ਵਿੱਚ ਸਾਰੇ ਸ਼ਾਇਰਾਂ ਵੱਲੋਂ ਆਪਣਾ ਸ਼ਾਨਦਾਰ ਕਲਾਮ ਪੇਸ਼ ਕੀਤਾ ਗਿਆ, ਜਿਸ ਦੇ ਲਈ ਇਸ ਸੰਸਥਾ ਦੇ ਸਾਰੇ ਮੈਂਬਰ ਮੁਬਾਰਕਬਾਦ ਦੇ ਹੱਕਦਾਰ ਹਨ। ਉਹਨਾਂ ਇਸ ਸਾਹਿਤਿਕ ਬੈਠਕ ਨੂੰ ਇੱਕ ਸਫਲ ਬੈਠਕ ਕਰਾਰ ਦਿੰਦੇ ਹੋਏ ਕਿਹਾ



ਕਿ ਉਰਦੂ ਭਾਸ਼ਾ ਨੂੰ ਪ੍ਰਫੁੱਲਿਤ ਕਰਨ ਦੇ ਲਈ ਅਜਿਹੀਆਂ ਬੈਠਕਾਂ ਦਾ ਆਯੋਜਨ ਭਵਿੱਖ ਵਿੱਚ ਵੀ ਹੁੰਦੇ ਰਹਿਣਾ ਚਾਹੀਦਾ ਹੈ। ਸ੍ਰੀ ਜਫਰ ਅਹਿਮਦ ਜਫਰ ਨੇ ਇਸ ਮੌਕੇ ਤੇ ਭਵਿੱਖ ਵਿੱਚ ਹੋਣ ਵਾਲੀ ਅਗਲੀ ਕਾਵਿ ਬੈਠਕ ਦੇ ਲਈ ਤਰਹੀ ਮਿਸਰੇ ਦਾ ਵੀ ਐਲਾਨ ਕੀਤਾ। ਇਸ ਬੈਠਕ ਵਿੱਚ ਸ੍ਰੀ ਜਫਰ ਅਹਿਮਦ ਜਫਰ, ਸ਼ੇਖ ਇਫਤਖਾਰ ਹੁਸੈਨ,ਡਾਕਟਰ ਸਲੀਮ ਜੁਬੈਰੀ ,ਪ੍ਰਿੰਸੀਪਲ ਰਸ਼ੀਦ ਅੱਬਾਸ, ਮੁਕਰਮ ਸੈਫੀ, ਡਾਕਟਰ ਅਨਵਾਰ ਅੰਸਾਰੀ , ਮੁਸ਼ਤਾਕ ਜੋਸ਼ ,ਅਸਗਰ ਅਮੀਨ, ਮੁਅਜਮ ਸੈਫੀ, ਡਾਕਟਰ ਸ਼ਫੀਕ ਥਿੰਦ, ਡਾਕਟਰ ਮੁਹੰਮਦ ਅਸ਼ਰਫ, ਡਾਕਟਰ ਅਨਵਰ ਰਜ਼ਾ, ਮਮਨੂਨ ਆਲਮ ਖਾਨ, ਡਾਕਟਰ ਸੰਦੀਪ ਕੁਮਾਰ, ਮੁਬੀਨ ਸ਼ੇਖ ਆਦਿ ਪ੍ਰਮੁੱਖ ਸ਼ਾਇਰਾਂ ਨੇ ਆਪਣਾ ਕਲਾਮ ਪੇਸ਼ ਕੀਤਾ। ਡਾਕਟਰ ਇਕਬਾਲ ਦੀ ਗਜ਼ਲ ਜਿਸ ਵਿੱਚੋਂ ਤਰਹੀ ਮਿਸਰਾ ਦਿੱਤਾ ਗਿਆ ਸੀ ਉਸ ਨੂੰ ਇਫਤਖਾਰ ਸੈਫੀ ਨੇ ਪੇਸ਼ ਕੀਤਾ। ਇਸ ਬੈਠਕ ਦੀ ਕਾਰਵਾਈ ਦਾ ਸੰਚਾਲਨ ਡਾਕਟਰ ਮੁਹੰਮਦ ਸ਼ਫੀਕ ਥਿੰਦ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਕੀਤਾ। ਬੈਠਕ ਵਿੱਚ ਹਾਜ਼ਰ ਹੋਣ ਵਾਲਿਆਂ ਵਿੱਚ ਡਾਕਟਰ ਹਨੀਫ ਆਜ਼ਾਦ, ਡਾਕਟਰ ਸੁਹੇਲ, ਪਰਵੇਜ਼ ਪੰਨੂ, ਅਖਤਰ ਸ਼ਾਦ ,ਮੁਹੰਮਦ ਯਾਮੀਨ, ਇਮਰਾਨ ਰਾਜਪੂਤ ਅਤੇ ਫਰਹਾਨ ਆਜ਼ਮ ਨੇ ਦੇ ਨਾਂ ਵਰਨਣਯੋਗ ਹਨ।

# ਪੰਜਾਬ ਕਾਂਗਰਸ ਵੱਲੋਂ ਮਨਰੇਗਾ ਬਚਾਓ ਸੰਗਰਾਮ ਰੈਲੀ ਤਹਿਤ 30 ਜਨਵਰੀ ਨੂੰ ਰੈਲੀ ਦੀਆਂ ਤਿਆਰੀਆਂ ਸਬੰਧੀ ਹਲਕਾ ਇੰਚਾਰਜ ਕਾਮਿਲ ਅਮਰ ਸਿੰਘ ਵੱਲੋਂ ਜਾਇਜ਼ਾ ਲਿਆ







**ਰਾਏਕੋਟ ਗੁਰਭਿੰਦਰ ਗੁਰੀ** ਪੰਜਾਬ ਕਾਂਗਰਸ ਵੱਲੋਂ ਹਲਕ-ਾਵਾਰ ਸ਼ੁਰੂ ਕੀਤੀ ਗਈ ਮਨਰੇਗਾ ਬਚਾਓ ਸੰਗਰਾਮ ਰੈਲੀ ਤਹਿਤ ਅੱਜ 30 ਜਨਵਰੀ ਨੂੰ ਸਥਾਨਕ ਅਨਾਜ ਮੰਡੀ ਵਿੱਚ ਹੋਣ ਵਾਲੀ ਰੈਲੀ ਦੀਆਂ ਤਿਆਰੀਆਂ ਸਬੰਧੀ ਹਲਕਾ ਇੰਚਾਰਜ ਕਾਮਿਲ ਅਮਰ ਸਿੰਘ ਵੱਲੋਂ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਾਮਿਲ ਅਮਰ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਮਨਰੇਗਾ ਸਕੀਮ ਨੂੰ ਖਤਮ ਕਰਕੇ ਮਜ਼ਦੂਰ ਵਰਗ ਨਾਲ ਧੋਖਾ ਕਰ ਰਹੀ ਹੈ। ਉਹਨਾਂ ਕਿਹਾ ਕਿ ਇਹ ਰੈਲੀ ਦੁਪਹਿਰ ਬਾਅਦ 2 ਵਜੇ ਹੋ ਸ਼ੁਰੂ ਹੋਵੇਗੀ। ਜਿਸ ਵਿੱਚ ਕਾਂਗਰਸ ਦੇ ਸੂਬਾ ਇੰਚਾਰਜ ਭੂਪੇਸ਼ ਬਘੇਲ, ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ, ਸੰਸਦ ਮੈਂਬਰ ਡਾਕਟਰ ਅਮਰ ਸਿੰਘ, ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਤੋਂ ਇਲਾਵਾ ਕਾਂਗਰਸ ਦੇ ਹੋਰ ਕਈ ਸੀਨੀਅਰ ਆਗੂ ਪਹੁੰਚ ਰਹੇ ਹਨ। ਉਹਨਾਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਵਲੋਂ ਇਸ ਸਕੀਮ ਨੂੰ ਖਤਮ ਕਰਕੇ ਗਰੀਬਾਂ ਤੇ ਮਜ਼ਦੂਰਾਂ ਨਾਲ ਸ਼ਰੇਆਮ ਧੋਖਾ ਕੀਤਾ ਜਾ ਰਿਹਾ ਹੈ। ਜਿਸ ਦੇ ਖਿਲਾਫ ਕਾਂਗਰਸ ਪਾਰਟੀ ਵੱਲੋਂ ਇਹ ਰੈਲੀ ਕੀਤੀ ਜਾ ਰਹੀ ਹੈ।ਉਹਨਾਂ ਹਲਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਪਹੁੰਚਣ ਤਾਂ ਜੋ ਲੋਕਾਂ ਦੀ ਆਵਾਜ਼ ਨੂੰ ਕੇਂਦਰ ਸਰਕਾਰ ਦੇ ਕੰਨਾਂ ਤੱਕ ਪਹੁੰਚਦੀ ਕੀਤੀ ਜਾ ਸਕੇ। ਇਸ ਮੌਕੇ ਉਹਨਾਂ ਨਾਲ ਚੇਅਰਮੈਨ ਸੁਖਪਾਲ ਸਿੰਘ ਗੋਂਦਵਾਲ, ਨਗਰ ਕੌਂਸਲ ਪ੍ਰਧਾਨ ਸੁਦਰਸ਼ਨ ਕੁਮਾਰ ਜੋਸ਼ੀ, ਜਗਪ੍ਰੀਤ ਸਿੰਘ ਬੁੱਟਰ, ਕਮਲਪ੍ਰੀਤ ਸਿੰਘ ਬੁੱਟਰ, ਬਲਜੀਤ ਸਿੰਘ ਹਲਵਾਰਾ, ਪ੍ਰਭਦੀਪ ਸਿੰਘ ਨਾਰੰਗਵਾਲ, ਕੌਂਸਲਰ ਬਲਜਿੰਦਰ ਸਿੰਘ ਰਿੰਪਾ, ਕੌਂਸਲਰ ਸੁਖਵਿੰਦਰ ਸਿੰਘ ਸੁੱਖੂ ਗਰੇਵਾਲ, ਸੰਦੀਪ ਸਿੰਘ ਸਿੱਧੂ ਜੌਹਲਾਂ, ਅਮਨ ਸਿੱਧੂ, ਦਲੀਪ ਸਿੰਘ ਛਿੱਬਰ, ਨੀਰਜ ਕੁਮਾਰ ਤੋਂ ਇਲਾਵਾ ਹੋਰ ਕਈ ਆਗੂ ਮੌਜੂਦ ਸਨ।

# ਨੈਸ਼ਨਲ ਕਾਲਜ ਭੀਖੀ ਦਾ ਨਤੀਜਾ ਰਿਹਾ ਸ਼ਾਨਦਾਰ

**ਭੀਖੀ (ਕਮਲ ਜਿੰਦਲ)** ਸਥਾਨਕ ਨੈਸ਼ਨਲ ਕਾਲਜ ਭੀਖੀ ਦਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐਲਾਨੇ ਕੋਰਸ ਬੀ ਕਾਮ ਭਾਗ ਪਹਿਲਾ ਸਮੈਸਟਰ ਦੂਜਾ ਦਾ ਨਤੀਜਾ ਸ਼ਾਨਦਾਰ ਰਿਹਾ। ਕਾਲਜ ਪ੍ਰਿੰਸੀਪਲ ਡਾ. ਐਮ ਕੇ ਮਿਸ਼ਰਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰਮਨਦੀਪ ਕੌਰ ਨੇ 86% ਅੰਕਾਂ ਨਾਲ ਪਹਿਲਾ, ਤਨਪ੍ਰੀਤ ਕੌਰ ਨੇ 84% ਅੰਕਾਂ ਨਾਲ ਦੂਜਾ, ਖੁਸ਼ਪ੍ਰੀਤ ਕੌਰ ਨੇ 82% ਅੰਕਾਂ ਨਾਲ ਤੀਜਾ ਸਥਾਨ ਹਾਸਿਲ ਕੀਤਾ। ਕਾਲਜ ਪ੍ਰਿੰਸੀਪਲ ਡਾ. ਐਮ .ਕੇ ਮਿਸ਼ਰਾ ਨੇ ਕਿਹਾ ਕਿ ਹਰ







ਵਾਰ ਦੀ ਤਰ੍ਹਾਂ ਯੂਨੀਵਰਸਿਟੀ ਦੇ ਨਤੀਜਿਆਂ ਵਿਚ ਕਾਲਜ ਦਾ ਨਾਮ ਇਲਾਕੇ ਦੀਆਂ ਨਾਮਵਰ ਸੰਸਥਾਵਾਂ ਵਿੱਚ ਆਉਂਦਾ ਹੈ। ਕਾਲਜ ਦੇ ਸਾਰੇ ਕੋਰਸਾਂ ਦੇ ਨਤੀਜੇ ਕਾਲਜ ਸਟਾਫ਼ ਦੀ ਮਿਹਨਤ ਦਾ ਨਤੀਜਾ ਹੈ। ਕਾਲਜ ਦਾ ਨਤੀਜਾ ਹਰ ਸਾਲ ਸੌ ਫ਼ੀਸਦੀ ਆਉਂਦਾ ਹੈ ।ਕਾਲਜ ਪ੍ਰਧਾਨ ਹਰਬੰਸ ਦਾਸ ਬਾਵਾ ਨੇ ਪਾਸ ਹੋਏ ਸਾਰੇ ਵਿਦਿਆਰਥੀਆਂ ਨੂੰ ਇਹਨਾਂ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਾਪਤੀ ਤੇ ਵਧਾਈ ਦਿੰਦੇ ਹੋਏ ਉੱਜਵਲ ਭਵਿੱਖ ਲਈ ਕਾਮਨਾ ਕੀਤੀ। ਇਸ ਮੌਕੇ ਪ੍ਰੋ ਗੁਰਤੇਜ ਸਿੰਘ ਤੇਜੀ, ਵਿਭਾਗ ਮੁਖੀ ਪ੍ਰੋ ਨੀਤੂ,ਪ੍ਰੋ ਸ਼ਾਮੀਨਾ ਰਾਣੀ,ਪ੍ਰੋ ਕਰਮਜੀਤ ਕੌਰ,ਪ੍ਰੋ ਸੁਖਪਾਲ ਕੌਰ ਅਤੇ ਸਮੂਹ ਸਟਾਫ਼ ਹਾਜ਼ਰ ਸੀ।

# ਨਵਜਾਤ ਬੱਚੇ ਦੀ ਮੌਤ ਮਾਮਲੇ 'ਚ 33 ਸਾਲਾਂ ਵਿਅਕਤੀ ਦੋਸ਼ੀ

**ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)** ਇੰਗਲੈਂਡ ਦੇ ਡਰਬੀ ਸ਼ਹਿਰ ਵਿੱਚ ਵਾਪਰੀ ਦਿਲ ਦੁੱਖਾਉਣ ਵਾਲੀ ਘਟਨਾ ਨੇ ਹਰ ਕਿਸੇ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਹ ਸ਼ਹਿਰ ਰਹਾਇਸ਼ੀ ਇਲਾਕਿਆਂ, ਫਲੈਟਾਂ ਅਤੇ ਮਜ਼ਦੂਰ ਵਰਗ ਦੀ ਅਬਾਦੀ ਲਈ ਜਾਣਿਆ ਜਾਂਦਾ ਹੈ, ਜਿੱਥੇ ਆਮ ਤੌਰ 'ਤੇ ਪਰਿਵਾਰ ਸ਼ਾਂਤੀ ਨਾਲ ਰਹਿੰਦੇ ਹਨ। ਇਸੇ ਸ਼ਹਿਰ ਦੇ ਇੱਕ ਘਰ ਵਿੱਚ ਇੱਕ ਨਵਜਾਤ ਬੱਚੇ ਦੀ ਮੌਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ।

ਅਦਾਲਤ ਵਿੱਚ ਸੁਣਵਾਈ ਦੌਰਾਨ ਸਾਹਮਣੇ ਆਇਆ ਕਿ 33 ਸਾਲਾ ਵਿਅਕਤੀ ਨੇ ਆਪਣੀ ਕਿਸ਼ੋਰ ਉਮਰ ਦੀ ਸਾਥਣ ਦੇ ਨਵਜਾਤ ਬੱਚੇ ਨੂੰ ਬੇਰਹਿਮੀ ਨਾਲ ਹਿਲਾਇਆ, ਜਿਸ ਕਾਰਨ ਬੱਚੇ ਦੀ ਹਾਲਤ ਗੰਭੀਰ ਹੋ ਗਈ ਅਤੇ ਬਾਅਦ ਵਿੱਚ ਉਸਦੀ ਮੌਤ ਹੋ ਗਈ। ਡਾਕਟਰੀ ਰਿਪੋਰਟਾਂ ਅਨੁਸਾਰ ਬੱਚੇ ਦੇ ਸਿਰ ਅਤੇ ਦਿਮਾਗ ਨੂੰ ਭਾਰੀ ਨੁਕਸਾਨ ਪਹੁੰਚਿਆ ਸੀ।ਪੁਲਿਸ ਨੇ ਦੱਸਿਆ ਕਿ ਘਟਨਾ ਵਾਲਾ ਇਲਾਕਾ ਆਮ ਤੌਰ 'ਤੇ ਸੁਖਾਲਾ ਅਤੇ ਸ਼ਾਂਤ ਮੰਨਿਆ ਜਾਂਦਾ ਹੈ, ਜਿੱਥੇ ਨੇੜੇ ਸਕੂਲ, ਦੁਕਾਨਾਂ ਅਤੇ ਘਰ ਹਨ। ਪਰ ਇਸ ਵਾਕਏ ਤੋਂ ਬਾਅਦ ਇਲਾਕੇ ਵਿੱਚ ਸੋਗ ਅਤੇ ਡਰ ਦਾ ਮਾਹੌਲ ਬਣ ਗਿਆ। ਲੋਕਾਂ ਨੂੰ ਯਕੀਨ ਨਹੀਂ ਸੀ ਆ ਰਿਹਾ ਕਿ ਅਜਿਹਾ ਕੰਮ ਕਿਸੇ ਆਪਣੇ ਘਰ ਦੇ ਅੰਦਰ ਵੀ ਹੋ ਸਕਦਾ ਹੈ।

ਅਦਾਲਤ ਵਿੱਚ ਇਹ ਵੀ ਦੱਸਿਆ ਗਿਆ ਕਿ ਬੱਚੇ ਦੀ ਮੌਤ ਤੋਂ ਕੁਝ ਘੰਟਿਆਂ ਬਾਅਦ ਦੋਸ਼ੀ ਨੇ ਪੁਲਿਸ ਨਾਲ ਗੱਲਬਾਤ ਦੌਰਾਨ ਬੇਪਰਵਾਹ ਵਰਤਾਓ ਕੀਤਾ, ਜਿਸ 'ਤੇ ਅਦਾਲਤ ਨੇ ਸਖ਼ਤ ਟਿੱਪਣੀ ਕੀਤੀ। ਜੱਜ ਨੇ ਕਿਹਾ ਕਿ ਇਹ ਮਾਮਲਾ ਬੱਚਿਆਂ ਨਾਲ ਹੋ ਰਹੀ ਹਿੰਸਾ ਦੀ ਇੱਕ ਦਰਦਨਾਕ ਮਿਸਾਲ ਹੈ।

ਪੀੜਤ ਬੱਚੇ ਦੀ ਮਾਂ ਅਤੇ ਪਰਿਵਾਰਕ ਮੈਂਬਰ ਅਦਾਲਤ ਵਿੱਚ ਫੁੱਟ-ਫੁੱਟ ਕੇ ਰੋ ਪਏ। ਉਨ੍ਹਾਂ ਕਿਹਾ ਕਿ ਇਹ ਘਾਟਾ ਉਨ੍ਹਾਂ ਲਈ ਕਦੇ ਪੂਰਾ ਨਹੀਂ ਹੋ ਸਕਦਾ। ਅਦਾਲਤ ਨੇ ਦੋਸ਼ੀ ਨੂੰ ਹਿਰਾਸਤ ਵਿੱਚ ਰੱਖਦਿਆਂ ਕਿਹਾ ਕਿ ਸਜ਼ਾ ਬਾਰੇ ਫੈਸਲਾ ਅਗਲੀ ਤਰੀਖ਼ 'ਤੇ ਸੁਣਾਇਆ ਜਾਵੇਗਾ।

# ਸਰਬੱਤ ਦੇ ਭਲੇ ਦੀ ਅਰਦਾਸ ਕਰਕੇ ਲੋੜਵੰਦ ਇਸਤਰੀਆਂ ਨੂੰ ਵੰਡੀਆਂ ਗਈਆਂ ਰਾਸ਼ਨ ਦੀਆਂ ਕਿੱਟਾਂ

## ਮਨੁੱਖਤਾ ਦੀ ਸੇਵਾ ਸਭ ਤੋਂ ਉੱਤਮ ਸੇਵਾ– ਪ੍ਰੇਮ ਸਿੰਘ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਮੁਨੱਖੀ ਸੇਵਾ ਕਾਰਜਾਂ ਨੂੰ ਸਮਰਪਿਤ ਸੰਸਥਾ ਸ਼੍ਰੀ ਕੀਰਤਨ ਸੇਵਾ ਸੁਸਾਇਟੀ (ਰਜਿ:) ਦੇ ਵੱਲੋਂ ਅੱਜ ਮਾਡਲ ਟਾਊਨ ਐਕਸਟੈਨਸ਼ਨ ਵਿਖੇ ਸਥਿਤ ਆਪਣੇ ਦਫ਼ਤਰ ਵਿਖੇ ਸਰਬੱਤ ਦੇ ਭਲੇ ਦੀ ਅਰਦਾਸ ਕਰਦਿਆਂ ਹੋਇਆਂ ਲੋੜਵੰਦ ਇਸਤਰੀਆਂ ਦੀ ਮੱਦਦ ਕਰਨਾ ਹਿੱਤ ਉਨ੍ਹਾਂ ਨੂੰ ਸੁਸਾਇਟੀ ਦੇ ਵੱਲੋਂ ਨਿਸ਼ਕਾਮ ਰੂਪ ਵਿੱਚ ਰਾਸ਼ਨ ਦੀਆਂ ਕਿੱਟਾਂ ਵੰਡੀਆਂ ਗਈਆਂ। ਇਸ ਮੌਕੇ ਸੁਸਾਇਟੀ ਦੇ ਸਰਪ੍ਰਸਤ ਮਾਸਟਰ ਤਰਲੋਚਨ ਸਿੰਘ ਤੇ ਮੁੱਖ ਸੇਵਾਦਾਰ ਸ੍ਰ: ਪ੍ਰੇਮ ਸਿੰਘ ਨੇ ਸਾਂਝੇ ਤੌਰ ਤੇ ਕਿਹਾ ਕਿ ਗੁਰੂ ਸਹਿਬ–ਾਨ ਵੱਲੋਂ ਬਖ਼ਸ਼ੇ ਸੇਵਾ ਸੰਕਲਪ ਤੇ ਪਹਿਰਾ ਦੇ ਕੇ ਮੁਨੱਖਤਾ ਦੀ ਸੇਵਾ ਕਰਨਾ ਸਭ ਤੋਂ ਉੱਤਮ ਸੇਵਾ ਹੈ। ਇਸੇ ਸੇਵਾ ਮਿਸ਼ਨ ਤੇ ਚੱਲਦਿਆਂ ਸਤਿਗੁਰੂ ਦੀ ਅਪਾਰ ਬਖ਼ਸ਼ਿਸ਼ ਸਦਕਾ ਸ਼੍ਰੀ ਕੀਰਤਨ ਸੇਵਾ ਸੁਸਾਇਟੀ (ਰਜਿ:) ਪਿਛਲੇ ਕਈ ਸਾਲਾਂ ਤੋਂ ਨਿਸ਼ਕਾਮ ਰੂਪ ਵਿੱਚ ਮੁਨੱਖੀ ਭਲਾਈ ਕਾਰਜਾਂ ਵਿੱਚ ਜੁੱਟੀ ਹੋਈ ਹੈ। ਜਿਸ ਦੇ ਅੰਤਰਗਤ ਸੁਸਾਇਟੀ ਵੱਲੋਂ ਜਿੱਥੇ ਲੋਕਾਂ ਨੂੰ ਫਰੀ ਮੈਡੀਕਲ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ, ਅੱਖਾਂ ਦੇ ਫਰੀ ਚੈਕਅੱਪ ਕੈਂਪ ਮਰੀਜ਼ਾਂ ਲਈ ਲਗਾਏ ਜਾਂਦੇ ਹਨ ਅਤੇ ਲੋੜਵੰਦ ਵਿਧਵਾਵਾਂ ਦੀ ਮੱਦਦ ਕਰਨ ਹਿੱਤ ਉਨ੍ਹਾਂ ਨੂੰ ਸੁਸਾਇਟੀ ਵੱਲੋਂ ਹਰ ਮਹੀਨੇ ਨਿਸ਼ਕਾਮ ਰੂਪ ਵਿੱਚ ਰਾਸ਼ਨ ਵੀ ਵੰਡਿਆ ਜਾਂਦਾ ਹੈ। ਇਸ ਤੋਂ ਇਲਾਵਾ ਸੁਸਾਇਟੀ ਵੱਲੋਂ ਲੁਧਿਆਣਾ ਸ਼ਹਿਰ ਵਿਖੇ ਲੜਕੀਆਂ ਨੂੰ ਸਿਲਾਈ ਕਢਾਈ ਦੀ ਸਿਖਲਾਈ ਦੇਣ ਲਈ ਦੋ ਸਿਲਾਈ ਸੈਂਟਰ ਵੀ ਚਲਾਏ ਜਾ ਰਹੇ ਹਨ। ਇਸ ਮੌਕੇ ਸੁਸਾਇਟੀ ਦੀ ਰਾਸ਼ਨ ਵੰਡ ਇੰਚਾਰਜ ਬੀਬੀ ਬਲਦੇਵ ਕੌਰ ਤੇ ਸ੍ਰ: ਸੁਰਿੰਦਰ ਸਿੰਘ ਨੇ ਦੱਸਿਆ ਕਿ ਲੋੜਵੰਦ ਵਿਧਵਾਵਾਂ ਦੀ ਮੱਦਦ ਕਰਨ ਦੇ ਮਨੋਰਥ ਨਾਲ ਪਿਛਲੇ ਲੰਬੇ ਸਮੇਂ ਤੋਂ ਚੱਲ ਰਹੀ ਸੇਵਾ ਨੂੰ ਨਿਰੰਤਰ ਜਾਰੀ ਰੱਖਣ ਲਈ ਸੁਸਾਇਟੀ ਦੇ ਸਮੂਹ ਮੈਂਬਰਾਂ ਵੱਲੋਂ ਆਪਣਾ ਬਣਦਾ ਯੋਗਦਾਨ ਸੇਵਾ ਕਾਰਜਾਂ ਵਿੱਚ ਪਾਇਆ ਜਾ ਰਿਹਾ ਹੈ। ਅੱਜ ਅਸੀਂ 36 ਦੇ ਕਰੀਬ ਲੋੜਵੰਦ ਵਿਧਵਾਵਾਂ ਦੀ ਮੱਦਦ ਕਰਦਿਆਂ ਉਨ੍ਹਾਂ ਨੂੰ ਨਿਸ਼ਕਾਮ ਰੂਪ ਵਿੱਚ ਰਾਸ਼ਨ ਦੀਆਂ ਕਿੱਟਾਂ ਤਕਸੀਮ ਕੀਤੀਆਂ ਹਨ। ਇਸ ਸਮੇਂ ਸੁਸਾਇਟੀ ਦੇ ਸਰਪ੍ਰਸਤ ਮਾਸਟਰ ਤਰਲੋਚਨ ਸਿੰਘ, ਸ੍ਰ: ਪ੍ਰੇਮ ਸਿੰਘ ਮੁੱਖ ਸੇਵਾਦਾਰ, ਮਨਪ੍ਰੀਤ ਸਿੰਘ, ਰਮਨਜੋਤ ਸਿੰਘ ਸੋਨੂੰ, ਰਮਨਦੀਪ ਸਿੰਘ, ਪਵਨਪ੍ਰੀਤ ਸਿੰਘ, ਗੁਰਿੰਦਰ ਸਿੰਘ ਦੀਪ, ਮਨਿੰਦਰ ਸਿੰਘ, ਆਦਿ ਹਾਜ਼ਰ ਸਨ ।

# ਬਜੁਰਗ ਨਾਗਰਿਕਾਂ ਦੀ ਭਲਾਈ ਲਈ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਸਬੰਧਤ ਵਿਭਾਗਾਂ ਅਧਿਕਾਰੀਆਂ ਨਾਲ ਕੀਤੀ ਮੀਟਿੰਗ

## ਬਜੁਰਗਾਂ ਲਈ ਸਿਹਤ ਵਿਭਾਗ ਵਲੋਂ ਲਗਾਏ ਜਾਣਗੇ ਕੈਂਪ



**ਨਵਾਂਸ਼ਹਿਰ, ਜਨਵਰੀ (ਜਤਿੰਦਰ ਪਾਲ ਸਿੰਘ ਕਲੇਰ** ) ਅਟਲ ਵਾਯੋ ਅਭਯੁਦਯ ਯੋਜਨਾ (ਅਣੈਐ) ਤਹਿਤ ਜ਼ਿਲ੍ਹੇ ਦੇ ਬਜੁਰਗ ਨਾਗਰਿਕਾਂ ਦੀ ਭਲਾਈ ਲਈ ਕੀਤੇ ਜਾਣ ਵਾਲੇ ਕੰਮਾਂ ਅਤੇ ਜ਼ਿਲ੍ਹੇ ਵਿੱਖ ਵੱਖ-ਵੱਖ ਗਤੀਵਿਧੀਆਂ ਕਰਵਾਉਣ ਸਬੰਧੀ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਸਮਾਜਿਕ ਸੁਰੱਖਿਆ ਵਿਭਾਗ ਵੱਲੋਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਅਤੇ ਕਾਰਜਕਾਰੀ ਏਜੰਸੀਆਂ ਦੇ ਮੁੱਖੀਆਂ ਅਤੇ ਸਵੈ-ਸੇਵੀ ਸੰਸਥਾਵਾਂ ਦੇ ਪ੍ਰਤੀਨਿਧੀਆਂ ਨਾਲ ਮੀਟਿੰਗ ਕੀਤੀ ਗਈ।

ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਮੀਟਿੰਗ ਦੌਰਾਨ ਬਜੁਰਗ ਨਾਗਰਿਕਾਂ ਦੀ ਭਲਾਈ ਸਬੰਧੀ ਕੇ ਜਾਣ ਵਾਲੇ ਕੰਮਾਂ ਦੀ ਸਮੀਖਿਆ ਕੀਤੀ। ਜਿਸ ਸਬੰਧੀ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਨਰੇਸ਼ ਕੁਮਾਰ ਨੇ ਦੱਸਿਆ ਕਿ ਵਿਭਾਗ ਵੱਲੋਂ ਬਜੁਰਗਾਂ ਦੀ ਸਿਹਤ ਸੰਭਾਲ, ਉਨ੍ਹਾਂ ਨੂੰ ਮੈਡੀਕਲ ਸੇਵਾਂਵਾਂ ਮੁਹੱਈਆਂ ਕਰਵਾਉਣ, ਉਨ੍ਹਾਂ ਦਾ ਆਰਥਿਕ ਪੱਧਰ ਉੱਚਾ ਚੁੱਕਣ ਲਈ ਉਨ੍ਹਾਂ ਨੂੰ ਆਰਥਿਕ ਗਤੀਵਿਧੀਆਂ ਵਿਚ ਸ਼ਾਮਿਲ ਕਰਨ ਸਬੰਧੀ ਗਤੀਵਿਧੀਆਂ ਕੀਤੀਆਂ ਜਾਣੀਆਂ ਹਨ। ਇਨ੍ਹਾਂ ਗਤੀਵਿਧੀਆਂ ਦੇ ਰੂਪ ਵਿਚ ਜਿਲ੍ਹਾ ਪੱਧਰ ਤੇ ਸਿਹਤ ਵਿਭਾਗ ਵੱਲੋਂ ਕੈਂਪਾਂ ਦੌਰਾਨ ਬਜੁਰਗ ਨਾਗਰਿਕਾਂ ਦੀ ਮੋਤੀਆਬਿੰਦ ਦੀ ਸਰਜਰੀ ਕਰਵਾਉਣ ਲਈ ਅਸੈਸਮੈਂਟ ਕੈਂਪ ਲਗਾ ਕੇ ਅਸੈਸਮੈਂਟ ਕਰਵਾਈ ਜਾਵੇਗੀ ਉਸਦੇ ਉਪਰੰਤ ਅਪ੍ਰੇਸ਼ਨ ਤੋਂ ਪਹਿਲਾਂ ਅਤੇ ਬਾਅਦ ਵਿਚ ਹੋਣ ਵਾਲਾ ਸਾਰਾ ਖਰਚਾ ਸਰਕਾਰ ਵੱਲੋਂ ਦਿੱਤਾ ਜਾਵੇਗਾ।

ਬ ਜ੍ਰ ਰ ਗ ਨਾਗਰਿਕਾ ਦੇ ਨਾਲ ਸਬੰਧਤ ਹੋਰ ਸੇਵਾਂਵਾਂ ਵਿਚ ਆਯੁਸ਼ ਵਿਭਾਗ ਵੱਲੋਂ ਜ਼ਿਲ੍ਹਾ ਪੱਧਰ ਤੇ ਯੋਗਾ ਕੈਂਪ ਲਗਵਾਉਣੇ, ਬਜੁਰਗਾਂ ਲਈ ਕੁਰਸੀਆਂ ਬੁਣਨ, ਟੋਕਰੀਆਂ ਬੁਣਨ ਅਤੇ ਕੱਪੜਾ ਬਣਾਉਂਣ ਦੇ ਸਬੰਧ ਵਿਚ, ਬ੍ਰਿਧ ਆਸ਼ਰਮਾਂ, ਪੰਚਾਇਤ ਭਵਨਾਂ, ਕੰਮਿਊਨਿਟੀ ਸੈਂਟਰਜ਼ ਅਤੇ ਹੋਰ ਪਬਲਿਕ ਥਾਂਵਾਂ ਤੇ ਇਸਦੀ ਟ੍ਰੇਨਿੰਗ ਆਦਿ ਦਾ ਪ੍ਰਬੰਧ ਕਰਨਾ, ਬਜੁਰਗ ਨਾਗਰਿਕਾਂ ਨੂੰ ਕਾਨੂੰਨੀ ਸੇਵਾਂਵਾਂ ਸਬੰਧੀ ਜਾਣਕਾਰੀ ਦੇਣ ਲਈ ਬਲਾਕ ਅਤੇ ਜਿਲ੍ਹਾ ਪੱਧਰ ’ਤੇ ਸੀਨੀਅਰ ਸਿਟੀਜ਼ਨ ਦੀ ਭਲਾਈ ਹਿੱਤ ਜਾਗਰੂਕਤਾ ਕੈਂਪ ਲਗਾਉਂਣੇ ਅਤੇ ਡਿਜੀਟਲ ਅਤੇ ਵਿੱਤੀ ਸਾਖਰਤਾ ਸਬੰਧੀ ਜਾਗਰੂਕਤਾ ਪ੍ਰੋਗਰਾਮ ਕਰਵਾਉਂਣ ਵਰਗੀਆਂ ਗਤੀਵਿਧੀਆਂ ਕੀਤੀਆਂ ਜਾਣੀਆਂ ਹਨ।

ਮੀਟਿੰਗ ਵਿਚ ਦਫਤਰ ਸਿਵਲ ਸਰਜਨ ਵੱਲੋਂ ਆਪਣੇ ਪੱਧਰ ਤੇ ਬਜੁਰਗਾਂ ਨਾਗਰਿਕਾਂ ਦੀ ਮੋਤੀਆਬਿੰਦ ਦੀ ਸਰਜਰੀ ਕਰਨ ਦੇ ਸਬੰਧ ਵਿਚ ਬਲਾਕ ਪੱਧਰ ਤੇ ਲਗਾਏ ਜਾਣ ਵਾਲੇ ਕੈਂਪਾ ਦਾ ਵੇਰਵਾ ਪੇਸ਼ ਕੀਤਾ ਗਿਆ। ਡਿਪਟੀ ਕਮਿਸ਼ਨਰ ਵੱਲੋਂ ਜਿਲ੍ਹੇ ਦੇ ਅਧਿਕਾਰੀਆਂ ਨੂੰ ਹਰ ਪ੍ਰਕਾਰ ਦੀਆਂ ਗਤੀਵਿਧੀਆਂ ਨੂੰ ਕਰਨ ਦੇ ਸਬੰਧ ਵਿਚ ਦਫਤਰ ਜਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਸ਼ਹੀਦ ਭਗਤ ਸਿੰਘ ਨਗਰ ਨੂੰ ਪੂਰਾ ਸਹਿਯੋਗ ਦੇਣ ਲਈ ਕਿਹਾ ਗਿਆ।

ਮੀਟਿੰਗ ਵਿਚ ਜਿਲ੍ਹਾ ਸਿੱਖਿਆ ਅਫਸਰ ਪ੍ਰਾਇ:ਅਤੇ ਸੈਕੰ:ਦਫਤਰ ਸਿਵਲ ਸਰਜ਼ਨ ਦੇ ਅਧਿਕਾਰੀ, ਜਿਲ੍ਹਾ ਪ੍ਰੋਗਰਾਮ ਅਫਸਰ ਸ.ਭ.ਸ.ਨਗਰ, ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ ਸ.ਭ.ਸ.ਨਗਰ ਐਲ.ਡੀ.ਐਮ. ਸ.ਭ.ਸ.ਨਗਰ, ਸਵੈ—ਸੇਵੀ ਸੰਸਥਾ ਦੇ ਰੂਪ ਵਿਚ ਸੀਨੀਅਰ ਸਿਟੀਜ਼ਨ ਐਸੋਸੀਏਸ਼ਨ ਸ਼ਹੀਦ ਭਗਤ ਸਿੰਘ ਨਗਰ ਅਤੇ ਹੋਰ ਵੱਖ—ਵੱਖ ਵਿਭਾਗਾਂ ਦੇ ਅਧਿਕਾਰੀਆਂ ਵੱਲੋਂ ਭਾਗ ਲਿਆ ਗਿਆ ਗਿਆ।

# 12 ਸਾਲਾਂ ਬੱਚੇ ਦੀ ਹੱਤਿਆ ਮਾਮਲੇ ’ਚ 15 ਸਾਲਾਂ ਨਾਬਾਲਗ ਨੇ ਦੋਸ਼ ਕਬੂਲਿਆ

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)–** ਬਰਤਾਨੀਆ ਦੇ ਬਰਮਿੰਘਮ ਸ਼ਹਿਰ ਦੇ ਇੱਕ ਸ਼ਾਂਤ ਅਤੇ ਰਹਾਇਸ਼ੀ ਇਲਾਕੇ ਵਿੱਚ ਵਾਪਰੀ ਦਿਲ ਦਹਿਲਾ ਦੇਣ ਵਾਲੀ ਘਟਨਾ ਵਿੱਚ ਇੱਕ 15 ਸਾਲਾ ਨਾਬਾਲਗ ਨੇ ਸਕੂਲ ਤੋਂ ਘਰ ਵਾਪਸ ਆ ਰਹੇ 12 ਸਾਲਾ ਬੱਚੇ ਦੀ ਚਾਕੂ ਮਾਰ ਕੇ ਹੱਤਿਆ ਕਰਨ ਦੇ ਦੋਸ਼ ਅਦਾਲਤ ਅੱਗੇ ਕਬੂਲ ਕਰ ਲਏ ਹਨ। ਇਹ ਘਟਨਾ ਉਸ ਸ਼ਹਿਰ ਦੇ ਉਸ ਇਲਾਕੇ ਵਿੱਚ ਵਾਪਰੀ ਜੋ ਆਮ ਤੌਰ ’ਤੇ ਪਰਿਵਾਰਾਂ ਅਤੇ ਸਕੂਲੀ ਬੱਚਿਆਂ ਲਈ ਸੁਰੱਖਿਅਤ ਮੰਨਿਆ ਜਾਂਦਾ ਹੈ।



ਪੁਲਿਸ ਅਨੁਸਾਰ ਘਟਨਾ ਇੱਕ ਰਹਾਇਸ਼ੀ ਖੇਤਰ ਵਿੱਚ ਸਥਿਤ ਪੈਦਲ ਰਸਤੇ ’ਤੇ ਵਾਪਰੀ, ਜੋ ਸਕੂਲ, ਘਰਾਂ ਅਤੇ ਨੇੜਲੇ ਪਾਰਕਾਂ ਨੂੰ ਜੋੜਦਾ ਹੈ। ਇਹ ਰਸਤਾ ਦਿਨ ਦੇ ਸਮੇਂ ਬੱਚਿਆਂ, ਮਾਪਿਆਂ ਅਤੇ ਸਥਾਨਕ ਵਸਨੀਕਾਂ ਦੀ ਆਵਾਜਾਈ ਨਾਲ ਭਰਿਆ ਰਹਿੰਦਾ ਹੈ। ਇਲ-ਾਕੇ ਦੇ ਆਲੇ-ਦੁਆਲੇ ਘਰਾਂ ਦੀਆਂ ਕਤਾਰਾਂ, ਦਰੱਖ਼ਤਾਂ ਨਾਲ ਘਿਰੇ ਫੁੱਟਪਾਥ ਅਤੇ ਛੋਟੇ ਖੇਡ ਮੈਦਾਨ ਮੌਜੂਦ ਹਨ, ਜਿਸ ਕਾਰਨ ਇਹ ਥਾਂ ਹਮੇਸ਼ਾਂ ਰੌਣਕ ਵਾਲੀ ਰਹਿੰਦੀ ਹੈ। ਅਦਾਲਤ ਵਿੱਚ ਦੱਸਿਆ ਗਿਆ ਕਿ ਨਾਬਾਲਗ ਦੋਸ਼ੀ ਨੇ ਅਚਾਨਕ ਬੱਚੇ ’ਤੇ ਹਮਲਾ ਕੀਤਾ। ਗੰਭੀਰ ਜ਼ਖ਼ਮੀ ਹੋਣ ਕਾਰਨ ਬੱਚਾ ਸੜਕ ਕਿਨਾਰੇ ਡਿੱਗ ਪਿਆ। ਨੇੜਲੇ ਘਰਾਂ ਵਿੱਚ ਰਹਿੰਦੇ ਲੋਕਾਂ ਵੱਲੋਂ ਸ਼ੋਰ ਸੁਣ ਕੇ ਤੁਰੰਤ ਐਮਰਜੈਂਸੀ ਸੇਵਾਵਾਂ ਨੂੰ ਸੂਚਿਤ ਕੀਤਾ ਗਿਆ। ਪੁਲਿਸ ਅਤੇ ਐਂਬੂਲੈਂਸ ਟੀਮਾਂ ਕੁਝ ਹੀ ਸਮੇਂ ਵਿੱਚ ਮੌਕੇ ’ਤੇ ਪਹੁੰਚ ਗਈਆਂ, ਪਰ ਬੱਚੇ ਨੂੰ ਬਚਾਇਆ ਨਾ ਜਾ ਸਕਿਆ।

ਘਟਨਾ ਤੋਂ ਬਾਅਦ ਪੁਲਿਸ ਵੱਲੋਂ ਉਸ ਪੂਰੇ ਇਲਾਕੇ ਨੂੰ ਘੇਰ ਲਿਆ ਗਿਆ। ਸੜਕਾਂ ’ਤੇ ਪੁਲਿਸ ਟੇਪ ਲਗਾਈ ਗਈ ਅਤੇ ਫੋਰੈਂਸਿਕ ਟੀਮਾਂ ਵੱਲੋਂ ਘਟਨਾ ਸਥਾਨ ਤੋਂ ਸਬੂਤ ਇਕੱਠੇ ਕੀਤੇ ਗਏ। ਕੁਝ ਸਮੇਂ ਲਈ ਸਥਾਨਕ ਸਕੂਲਾਂ ਦੇ ਬਾਹਰ ਪੁਲਿਸ ਗਸ਼ਤ ਵਧਾ ਦਿੱਤੀ ਗਈ, ਜਿਸ ਨਾਲ ਸ਼ਹਿਰ ਵਿੱਚ ਡਰ ਅਤੇ ਸੋਗ ਦਾ ਮਾਹੌਲ ਬਣ ਗਿਆ। ਸੁਣਵਾਈ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਦੋਸ਼ੀ ਨਾਬਾਲਗ ਵੱਲੋਂ ਇਸ ਤੋਂ ਪਹਿਲਾਂ ਵੀ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਕੁਝ ਬਜ਼ੁਰਗ ਮਹਿਲਾਵਾਂ ’ਤੇ ਹਮਲੇ ਕੀਤੇ ਗਏ ਸਨ। ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਇਹ ਸਾਰੇ ਮਾਮਲੇ ਆਪਸ ਵਿੱਚ ਜੋੜ ਕੇ ਜਾਂਚੇ ਜਾ ਰਹੇ ਹਨ। ਪੀੜਤ ਬੱਚੇ ਦੇ ਘਰ ਅਤੇ ਘਟਨਾ ਵਾਲੀ ਥਾਂ ’ਤੇ ਸਥਾਨਕ ਲੋਕਾਂ ਵੱਲੋਂ ਫੁੱਲ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਮਾਪਿਆਂ ਅਤੇ ਵਸਨੀਕਾਂ ਵੱਲੋਂ ਮੰਗ ਕੀਤੀ ਗਈ ਕਿ ਸਕੂਲ ਜਾਣ ਵਾਲੇ ਰਸਤਿਆਂ ’ਤੇ ਨਿਗਰਾਨੀ ਕੈਮਰੇ ਅਤੇ ਪੁਲਿਸ ਮੌਜੂਦਗੀ ਵਧਾਈ ਜਾਵੇ।ਅਦਾਲਤ ਨੇ ਕਿਹਾ ਕਿ ਦੋਸ਼ੀ ਦੀ ਉਮਰ ਨੂੰ ਧਿਆਨ ਵਿੱਚ ਰੱਖਦੇ ਹੋਏ ਮਾਮਲੇ ਦੀ ਕਾਰਵਾਈ ਨਾਬਾਲਗ ਕਾਨੂੰਨ ਅਧੀਨ ਕੀਤੀ ਜਾ ਰਹੀ ਹੈ। ਸਜ਼ਾ ਬਾਰੇ ਫੈਸਲਾ ਅਗਲੀ ਤਰੀਖ ’ਤੇ ਸੁਣਾਇਆ ਜਾਵੇਗਾ। ਇਸ ਦੌਰਾਨ ਦੋਸ਼ੀ ਨੂੰ ਹਿਰਾਸਤ ਵਿੱਚ ਰੱਖਿਆ ਗਿਆ ਹੈ।

# ਪੈਰਾ ਬੈਡਮਿੰਟਨ ਖਿਡਾਰਨ ਸ਼ਬਾਨਾ ਦੀ ਮੱਦਦ ਲਈ ਸ਼੍ਰੋਮਣੀ ਕਮੇਟੀ ਆਈ ਅੱਗੇ

## ਪ੍ਰਿਤਪਾਲ ਸਿੰਘ ਮੈਂਬਰ (ਧਰਮ ਪਚਾਰ ਕਮੇਟੀ) ਨੇ ਖਿਡਾਰਨ ਸ਼ਬਾਨਾ ਨੂੰ ਮਾਲੀ ਸਹਾਇਤਾ ਦੇਣ ਦਾ ਰਸਮੀ ਤੌਰ ਤੇ ਕੀਤਾ ਐਲਾਨ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਿੱਥੇ ਸਿੱਖੀ ਦੇ ਪ੍ਰਚਾਰ-ਪ੍ਰਸਾਰ ਤੇ ਇਤਿਹਾਸਕ ਧਰਮ ਅਸਥਾਨਾਂ ਦੇ ਪ੍ਰਬੰਧਾਂ ਦੀ ਦੇਖ-ਰੇਖ ਕਰਦੀ ਹੈ, ਉੱਥੇ ਸਮਾਜ ਸਿੱਖਿਆ, ਦੇਸ਼, ਕੌਮ ਲਈ ਚੱਲ ਰਹੀਆਂ ਮਨੁੱਖੀ ਭਲਾਈ ਸੇਵਾਵਾਂ ਵਿੱਚ ਵੀ ਆਪਣਾ ਮਹੱਤਵਪੂਰਨ ਯੋਗਦਾਨ ਪਾਉਦੀ ਹੈ । ਖ਼ਾਸ ਕਰਕੇ ਖੇਡਾਂ ਦੇ ਖੇਤਰ ਵਿੱਚ ਸਰਵੋ-ਤਮ ਪ੍ਰਦਰਸ਼ਨ ਕਰਨ ਵਾਲੇ ਪੰਜਾਬ ਦੇ ਹੋਣਹਾਰ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਤੇ ਮੱਦਦ ਕਰਨ ਵਿੱਚ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੀ ਮੋਹਰੀ ਭੂਮਿਕਾ ਨਿਭਾਉਂਦੀ ਹੈ ਤਾਂ ਕਿ ਉਹ ਆਪਣੀਆਂ ਸ਼ਾਨਾਮੱਤੀ ਪ੍ਰਾਪਤੀਆਂ ਰਾਹੀਂ ਦੇਸ਼, ਕੌਮ, ਪੰਜਾਬ ਤੇ ਪੰਜਾਬੀਅਤ ਦਾ ਨਾਮ ਹੋਰ ਰੋਸ਼ਨ ਕਰ ਸਕਣ । ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਸ੍ਰ: ਪ੍ਰਿਤਪਾਲ ਸਿੰਘ ਨੇ ਬਹਿਰੀਨ ਵਿਖੇ 8 ਤੋਂ 14 ਫ਼ਰਵਰੀ ਤੱਕ ਆਯੋਜਿਤ ਹੋਣ ਵਾਲੀ ਪੈਰਾ ਬੈਡਮਿੰਟਨ ਵਿਸ਼ਵ ਚੈਂਪੀਅਨਸ਼ਿਪ ਲਈ ਕੁਆਲੀਫਾਈ ਹੋਈ ਲੁਧਿਆਣੇ ਸ਼ਹਿਰ ਦੀ ਅੰਤਰਾਸ਼ਟਰੀ ਪੈਰਾ ਬੈਡਮਿੰਟਨ ਖਿਡਾਰਨ ਸ਼ਬਾਨਾ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਾਲੀ ਸਹਾਇਤਾ ਦੇਣ ਦਾ ਰਸਮੀ ਤੌਰ ਤੇ ਐਲਾਨ ਕਰਦਿਆਂ ਹੋਇਆਂ ਕੀਤਾ! ਇਸ ਦੌਰਾਨ ਸ੍ਰ: ਪ੍ਰਿਤਪਾਲ ਸਿੰਘ ਨੇ ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀ ਹਿਮਾਂਸ਼ੂ ਜੈਨ ਤੇ ਯੂਨਾਈਟਿਡ ਸਿੱਖਸ ਸੰਸਥਾ ਦੀ ਜ਼ੋਰਦਾਰ ਸ਼ਬਦਾਂ ਵਿੱਚ ਸ਼ਲਾਘਾ ਕਰਦਿਆਂ ਹੋਇਆਂ ਕਿਹਾ ਕਿ ਉਨ੍ਹਾਂ ਦੇ ਵੱਲੋਂ ਅੰਤਰਰਾਸ਼ਟਰੀ ਪੈਰਾ-ਬੈਡਮਿੰਟਨ ਖਿਡਾਰਨ ਸ਼ਬਾਨਾ ਨੂੰ ਬਹਿਰੀਨ ਪੈਰਾ ਬੈਡਮਿੰਟਨ ਵਿਸ਼ਵ ਚੈਂਪੀਅਨਸ਼ਿਪ 2026 ਵਿੱਚ ਖੇਡਣ ਜਾਣ ਲਈ ਚੈਂਪੀਅਨਸ਼ਿਪ ਫੀਸ, ਵੀਜ਼ਾ ਫੀਸ ਅਤੇ ਬਹਿਰੀਨ ਜਾਣ ਅਤੇ ਆਉਣ ਲਈ ਟਿਕਟ ਲੈਣ ਲਈ ਵਿੱਤੀ ਮੱਦਦ ਕਰਨਾ ਅਤੇ ਯੂਨਾਈਟਿਡ ਸਿੱਖਸ ਸੰਸਥਾ ਵੱਲੋਂ ਅੰਤਰਰਾਸ਼ਟਰੀ ਪੈਰਾ-ਬੈਡਮਿੰਟਨ ਖਿਡਾਰਨ ਸ਼ਬਾਨਾ ਤੇ ਉਸ ਦੇ ਪਤੀ ਅਸ਼ਵਨੀ (ਅੰਤਰਰਾਸ਼ਟਰੀ ਪੈਰਾ-ਬੈਡਮਿੰਟਨ ਖਿਡਾਰੀ) ਦੀ ਆਰਥਿਕ ਮੱਦਦ ਕਰਦਿਆਂ ਹੋਇਆਂ ਉਨ੍ਹਾਂ ਨੂੰ ਬੈਡਮਿੰਟਨ ਖੇਡ ਦਾ ਸਮਾਨ, ਜਰਸੀਆਂ, ਬੂਟ ਆਦਿ ਉਪਲੱਬਧ ਕਰਵਾਉਣਾ ਇੱਕ ਵੱਡਾ ਮਿਸਾਲੀ ਕਾਰਜ ਹੈ। ਜਿਸ ਲਈ ਮੈਂ ਸ਼੍ਰੀ ਹਿਮਾਂਸ਼ੂ ਜੈਨ ਡਿਪਟੀ ਕਮਿਸ਼ਨਰ ਲੁਧਿਆਣਾ ਤੇ ਯੂਨਾਈਟਿਡ ਸਿੱਖਸ ਸੰਸਥਾ ਦੇ ਡਾਇਰੈਕਟਰ ਪੰਜਾਬ ਸ੍ਰ: ਅੰਮ੍ਰਿਤਪਾਲ ਸਿੰਘ ਦਾ ਤਹਿ ਦਿਲੋਂ ਧੰਨਵਾਦੀ ਹਾਂ । ਇਸ ਮੌਕੇ ਸ੍ਰ: ਪ੍ਰਿਤਪਾਲ ਸਿੰਘ ਮੈਂਬਰ ਧਰਮ ਪ੍ਰਚਾਰ ਕਮੇਟੀ ਨੇ ਅੰਤਰਰਾਸ਼ਟਰੀ ਪੈਰਾ-ਬੈਡਮਿੰਟਨ ਖਿਡਾਰਨ ਸ਼ਬਾਨਾ ਨੂੰ ਸ਼ਾਨਾਮੱਤੀ ਪ੍ਰਾਪਤੀ ਰਾਹੀਂ ਜੇਤੂ ਬਣਨ 'ਤੇ ਉਸ ਦੇ ਪਤੀ ਅਸ਼ਵਨੀ (ਪੈਰਾ-ਬੈਡਮਿੰਟਨ ਖਿਡਾਰੀ) ਨੂੰ ਆਪਣੀਆਂ ਸ਼ੁੱਭ ਅਸੀਸਾਂ ਦਿੱਤੀਆਂ ਅਤੇ ਸਿਰੋਪਾਓ ਭੇਟ ਕਰਕੇ ਸਨਮਾਨਿਤ ਵੀ ਕੀਤਾ । ਗੌਰਤਲਬ ਹੈ ਕਿ ਯੂਨਾਈਟਿਡ ਸਿੱਖਸ ਸੰਸਥਾ ਦੇ ਸਾਰਥਿਕ ਉੱਦਮਾਂ ਸਦਕਾ, ਡਿਪਟੀ ਕਮਿਸ਼ਨਰ ਲੁਧਿਆਣਾ ਸ਼੍ਰੀ ਹਿਮਾਂਸ਼ੂ ਜੈਨ ਤੇ ਸ੍ਰ: ਪ੍ਰਿਤਪਾਲ ਸਿੰਘ ਮੈਂਬਰ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਕਮੇਟੀ) ਦੇ ਨਿੱਘੇ ਸਹਿਯੋਗ ਤੇ ਮੱਦਦ ਦੇ ਸਦਕਾ ਜੇਕਰ ਖਿਡਾਰਨ ਸ਼ਬਾਨਾ ਬਹਿਰੀਨ ਪੈਰਾ ਬੈਡਮਿੰਟਨ ਵਿਸ਼ਵ ਚੈਂਪੀਅਨਸ਼ਿਪ 2026 ਵਿੱਚ ਜਿੱਤ ਹਾਸਲ ਕਰ ਲੈਂਦੀ ਹੈ ਤਾਂ ਸ਼ਬਾਨਾ ਏਸ਼ੀਅਨ ਗੇਮਜ਼ 2026 ਲਈ ਕੁਆਲੀਫਾਈ ਕਰ ਲਵੇਗੀ। ਇਸ ਮੌਕੇ ਉਨ੍ਹਾਂ ਦੇ ਨਾਲ ਯੂਨਾਈਟਿਡ ਸਿੱਖਸ ਸੰਸਥਾ ਦੇ ਡਾਇਰੈਕਟਰ ਪੰਜਾਬ ਸ੍ਰ: ਅੰਮ੍ਰਿਤਪਾਲ ਸਿੰਘ, ਰਣਜੀਤ ਸਿੰਘ, ਗੁਰਚਰਨ ਸਿੰਘ ਸਮੇਤ ਕਈ ਪ੍ਰਮੁੱਖ ਸ਼ਖ਼ਸੀਅਤਾਂ ਵਿਸ਼ੇਸ਼ ਤੌਰ ਤੇ ਹਾਜ਼ਰ ਸਨ ।



# ਰਿਆਤ ਕਾਲਜ ਆਫ਼ ਲਾਅ ਵਿਖੇ ਸ਼ਾਨਦਾਰ ਵਿਦਾਇਗੀ ਸਮਾਰੋਹ ਨਾਲ ਐਨਐਸਐਸ ਕੈਂਪ ਸਮਾਪਤ

**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )** ਰਿਆਤ ਕਾਲਜ ਆਫ਼ ਲਾਅ ਦੀ ਐਨਐਸਐਸ ਯੂਨਿਟ ਅਤੇ ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਪੰਜਾਬ, ਰੈਲਮਾਜਰਾ ਨੇ ਆਪਣੇ ਸੱਤ-ਰੋਜ਼ਾ ਵਿਸ਼ੇਸ਼ ਕੈਂਪ ਦਾ ਸਮਾਪਨ ਸਮਾਜ ਸੇਵਾ, ਯੁਵਾ ਸ਼ਮੂਲੀਅਤ ਅਤੇ ਭਾਈਚਾਰਕ ਆਊਟਰੀਚ ਦੁਆਰਾ ਚਿੰਨ੍ਹਿਤ ਇੱਕ ਅਰਥਪੂਰਨ ਵਿਦਾਇਗੀ ਸਮਾਰੋਹ ਨਾਲ ਕੀਤਾ। ਦਿਨ ਦੀ ਸ਼ੁਰੂਆਤ ਯੋਗਾ ਅਤੇ ਤੰਦਰੁਸਤੀ ਗਤੀਵਿਧੀਆਂ ਨਾਲ ਹੋਈ, ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਰੈਲਮਾਜਰਾ ਦਾ ਦੌਰਾ ਕੀਤਾ, ਜਿੱਥੇ ਐ ਨ ਐ ਸ ਐ ਸ ਵਲੰਟੀਅਰਾਂ ਨੇ ਸਕੂਲ ਦੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ ਅਤੇ "ਵਿਕਸਤ ਭਾਰਤ" ਅਤੇ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਦੀ ਰੋਕਥਾਮ 'ਤੇ ਜਾਗਰੂਕਤਾ ਭਾਸ਼ਣ ਦਿੱਤੇ। ਪ੍ਰੋਗਰਾਮ ਵਿੱਚ "ਨਸ਼ਿਆਂ ਨੂੰ ਨਾ ਕਹੋ" ਅਤੇ "ਲੜਕੀ ਬਚਾਓ" 'ਤੇ ਪ੍ਰਭਾਵਸ਼ਾਲੀ ਨੁੱਕੜ ਨਾਟਕ ਪੇਸ਼ ਕੀਤੇ ਗਏ। ਵਿਦਿਆਰਥੀਆਂ ਨੂੰ ਸਟੇਸ਼ਨਰੀ ਅਤੇ ਸਪੋਰਟਸ ਕਿੱਟ ਵੰਡੀ ਗਈ, ਵਿਦਾਇਗੀ ਸਮਾਰੋਹ ਡਾ. ਪਰਵੀਨ ਗੋਇਲ, ਪ੍ਰੋਗਰਾਮ ਕੋਆਰਡੀਨੇਟਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਅਤੇ ਡਾ. ਸੋਨੀਆ ਸ਼ਰਮਾ, ਪ੍ਰੋਗਰਾਮ ਅਫਸਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਨੇ ਸ਼ਿਰਕਤ ਕੀਤੀ ਅਤੇ ਰਿਆਤ ਕਾਲਜ ਆਫ਼ ਲਾਅ ਦੀ ਪ੍ਰਿੰਸੀਪਲ, ਡਾ. ਮੋਨਿਕਾ ਸ਼ਰਮਾ ਨੇ ਪ੍ਰਧਾਨਗੀ ਕੀਤੀ। ਮਹਿਮਾਨਾਂ ਨੇ ਐਨਐਸਐਸ ਯੂਨਿਟਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਰਾਸ਼ਟਰ ਨਿਰਮਾਣ ਅਤੇ ਸਮਾਜਿਕ ਪਰਿਵਰਤਨ ਵਿੱਚ ਨੌਜਵਾਨਾਂ ਦੀ ਭੂਮਿਕਾ 'ਤੇ ਚਾਨਣਾ ਪਾਇਆ। ਯੋਗ ਵਲੰਟੀਅਰਾਂ ਨੂੰ ਸਰਵੋਤਮ ਵਲੰਟੀਅਰ ਅਤੇ ਵਿਸ਼ੇਸ਼ ਪੁਰਸਕਾਰ ਪ੍ਰਦਾਨ ਕੀਤੇ ਗਏ। ਪ੍ਰੋਗਰਾਮ ਕੋਆਰਡੀਨੇਟਰ ਸ਼੍ਰੀਮਤੀ ਰਤਨ ਕੌਰ ਨੇ ਡਾ. ਸੋਹਣੂ ਦੇ ਮਾਰਗਦਰਸ਼ਨ ਅਤੇ ਉਨ੍ਹਾਂ ਦੇ ਪ੍ਰੋਗਰਾਮ ਅਫਸਰ ਦੇ ਯਤਨਾਂ ਦੀ ਸ਼ਲਾਘਾ ਕੀਤੀ। ਪ੍ਰੋਗਰਾਮ ਵਲੰਟੀਅਰਾਂ ਦੁਆਰਾ ਧੰਨਵਾਦ ਅਤੇ ਵਿਚਾਰਾਂ ਦੇ ਨਾਲ ਸਮਾਪਤ ਹੋਇਆ, ਜੋ ਕਿ ਇੱਕ ਵਿਕਾਸ ਭਾਰਤ ਅਤੇ ਇੱਕ ਨਸ਼ਾ-ਮੁਕਤ ਸਮਾਜ ਦੇ ਦ੍ਰਿਸ਼ਟੀਕੋਣ ਨੂੰ ਸਮਰਪਿਤ ਕੈਂਪ ਦੇ ਸਫਲ ਸਮਾਪਤੀ ਨੂੰ ਦਰਸਾਉਂਦਾ ਹੈ।



# ਜ਼ਿਲੇ ਅੰਦਰ 31 ਜਨਵਰੀ ਨੂੰ ਸਕੂਲਾਂ / ਕਾਲਜਾਂ ਵਿੱਚ ਰਹੇਗੀ ਅੱਧੇ ਦਿਨ ਦੀ ਛੁੱਟੀ: ਜ਼ਿਲ੍ਹਾ ਮੈਜਿਸਟਰੇਟ

**ਨਵਾਂਸ਼ਹਿਰ, (ਜਤਿੰਦਰ ਪਾਲ ਸਿੰਘ ਕਲੇਰ )** ਜ਼ਿਲ੍ਹਾ ਮੈਜਿਸਟਰੇਟ ਗੁਲਪ੍ਰੀਤ ਸਿੰਘ ਔਲਖ ਨੇ ਇਕ ਹੁਕਮ ਰਾਹੀਂ ਆਮ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਅਤੇ ਸਕੂਲਾਂ/ਕਾਲਜਾਂ ਦੇ ਅਧਿਆਪਕਾਂ/ਵਿਦਿਆਰਥੀਆਂ ਦੀ ਸਹੂਲਤ ਅਤੇ ਸੁਰੱਖਿਆ ਦੇ ਧਿਆਨ ਵਿੱਚ ਰੱਖਦੇ ਹੋਏ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਉਤਸਵ ਦੇ ਸਬੰਧ ਵਿੱਚ 31 ਜਨਵਰੀ, 2026 (ਦਿਨ ਸ਼ਨੀਵਾਰ) ਨੂੰ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਵੱਖ-ਵੱਖ ਸਥਾਨਾਂ ਤੇ ਕੱਢੀ ਜਾਣ ਵਾਲੀ ਸ਼ੋਭਾ ਯਾਤਰਾ ਵਿੱਚ ਸ਼ਾਮਲ ਹੋਣ ਲਈ ਜਿਲ੍ਹੇ ਦੇ ਸਰਕਾਰੀ/ਅਰਧ ਸਰਕਾਰੀ ਸਕੂਲ, ਕਾਲਜਾਂ ਵਿਦਿਅਕ ਸੰਸਥਾਵਾਂ ਵਿੱਚ 31.01.2026 (ਦਿਨ ਸ਼ਨੀਵਾਰ) ਨੂੰ ਬਾਅਦ ਦੁਪਹਿਰ ਅੱਧੇ ਦਿਨ ਦੀ ਛੁੱਟੀ ਘੋਸ਼ਿਤ ਕੀਤੀ ਹੈ। ਉਨ੍ਹਾਂ ਕਿਹਾ ਕਿ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ. ਅਤੇ ਐ.ਸਿ.), ਸ਼ਹੀਦ ਭਗਤ ਸਿੰਘ ਨਗਰ ਜਿਲ੍ਹੇ ਦੇ ਸਕੂਲ/ਕਾਲਜਾਂ ਵਿੱਚ ਇਹ ਹੁਕਮ ਤੁਰੰਤ ਲਾਗੂ ਕਰਵਾਉਣ ਲਈ ਜਿੰਮੇਵਾਰ ਹੋਣਗੇ। ਜ਼ਿਲ੍ਹਾ ਮੈਜਿਸਟਰੇਟ ਨੇ ਆਪਣੇ ਹੁਕਮ ਵਿੱਚ ਸਪੱਸ਼ਟ ਕੀਤਾ ਹੈ ਕਿ ਸ੍ਰੀ ਗੁਰੂ ਰਵਿਦਾਸ ਮੰਦਿਰ ਪ੍ਰਬੰਧਕ ਕਮੇਟੀ (ਰਜਿ:), ਨਵਾਂਸ਼ਹਿਰ ਵਲੋਂ ਆਪਣੀ ਦਰਖਾਸਤ ਰਾਹੀਂ ਇਸ ਦਫਤਰ ਨੂੰ ਬੇਨਤੀ ਕੀਤੀ ਹੈ ਕਿ 31 ਜਨਵਰੀ, 2026 ਅਤੇ 01 ਫਰਵਰੀ 2026 ਨੂੰ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ 649 ਵਾਂ ਜਨਮ ਦਿਹਾੜਾ ਬੜੀ ਹੀ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ। ਇਸ ਸਬੰਧੀ 31 ਜਨਵਰੀ,2026 ਨੂੰ ਵਿਸ਼ਾਲ ਸ਼ੋਭਾ ਯਾਤਰਾ ਪੂਰੇ ਹੀ ਨਵਾਂ ਸ਼ਹਿਰ ਵਿੱਚ ਅਤੇ ਪੂਰੇ ਹੀ ਜਿਲੇ ਦੇ ਵੱਖ-ਵੱਖ ਪਿੰਡਾਂ ਵਿੱਚ ਵੀ ਕੱਢੀ ਜਾਵੇਗੀ। ਇਸ ਵਿੱਚ ਸਕੂਲੀ ਅਤੇ ਕਾਲਜੀ ਵਿਦਿਆਰਥੀਆਂ ਨੇ ਵੀ ਭਾਗ ਲੈਣਾ ਹੈ। ਇਸ ਲਈ ਜ਼ਿਲ੍ਹੇ ਦੇ ਵੱਖ-ਵੱਖ ਸਥਾਨਾਂ ਤੇ ਕੱਢੀ ਜਾਣ ਵਾਲੀ ਸ਼ੋਭਾ ਯਾਤਰਾ ਵਿੱਚ ਸ਼ਾਮਲ ਹੋਣ ਲਈ ਜਿਲ੍ਹੇ ਦੇ ਸਰਕਾਰੀ/ਅਰਧ ਸਰਕਾਰੀ ਸਕੂਲ, ਕਾਲਜਾਂ ਵਿਦਿਅਕ ਸੰਸਥਾਵਾਂ ਵਿੱਚ 31.01.2026 (ਦਿਨ ਸ਼ਨੀਵਾਰ) ਨੂੰ ਬਾਅਦ ਦੁਪਹਿਰ ਅੱਧੇ ਦਿਨ ਦੀ ਛੁੱਟੀ ਘੋਸ਼ਿਤ ਕੀਤੀ ਗਈ ਹੈ।



## ਮਰਦਿਆਂ ਨੇ ਅੱਕ ਚੱਬਿਆ

ਕਈ ਕੀਮਤੀ ਜਾਨਾਂ ਗਈਆਂ ,
ਜ਼ਖ਼ਮ ਹੋਏ ਕਈ ਅੰਗਾਂ 'ਤੇ ।
ਬੇਜ਼ੁਬਾਨ ਪਸ਼ੂ ਪੰਛੀ ਵੀ ਔਖੇ ,
ਬੰਦਿਆ ਤੇਰਿਆਂ ਢੰਗਾਂ 'ਤੇ ।
ਇਓਂ ਲਗਦਾ ਏ ਪ੍ਰਸ਼ਾਸਨ ਤੋਂ ,
ਵਿਸ਼ਵਾਸ਼ ਹੈ ਉੱਠਿਆ ਲੋਕਾਂ ਦਾ;
ਤਾਹੀਂ ਤਾਂ ਕਈ ਪੰਚਾਇਤਾਂ ਨੇ ,
ਲਾ ਦਿੱਤੀ ਏ ਰੋਕ ਪਤੰਗਾਂ 'ਤੇ।



**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।**
9914836037

## ਕਲਮਾ ਪੁੰਗਰਦੀਆ

ਤੂੰ ਵੀ ਤੇ ਕਦੇ ਨਵਾਂ ਹੁੰਦਾ ਸੀ
ਹੁਣ ਸੀਨੀਅਰ ਕਵੀ ਕਹਾਉਨਾ ਏ
ਸਾਫ ਸੁਥਰੀਆਂ ਕਲਮਾਂ ਉਤੇ
ਕਾਹਨੂੰ ਬੰਦਸ਼ਾਂ ਲਾਉਨਾ ਏ

ਪਰ ਉਨ੍ਹਾਂ ਦੇ ਉਡਣਾ ਸਿੱਖਦੇ
ਰਾਹ ਦੇ ਰੋੜੇ ਤੈਨੂੰ ਦਿਸਦੇ
ਹਲਾ ਸੇਰੀ ਦੇਣ ਬਜਾਏ ਤੂੰ
ਕੰਨੀ ਕਤਰਾਉਨਾ ਏ
ਸਾਫ ਸੁਥਰੀਆਂ ਕਲਮਾਂ ਉਤੇ
ਕਾਹਨੂੰ ਬੰਦਸ਼ਾਂ ਲਾਉਨਾ ਏ

ਕੋਈ ਕਰੇ ਤਰੱਕੀ ਸਿੱਖੋ ਜਰਨਾ
ਜੈਲਿਸ ਕਰਕੇ ਹੁਣ ਨਹੀਂ ਸਰਨਾ
ਅੱਖਰ ਅੱਖਰ ਜੋੜ ਦਈਦਾ
ਪੜ੍ਹਿਆ ਨੂੰ ਕੀ ਪੜਾਉਨਾ ਏ
ਸਾਫ ਸੁਥਰੀਆਂ ਕਲਮਾਂ ਉਤੇ
ਕਾਹਨੂੰ ਬੰਦਸ਼ਾਂ ਲਾਉਨਾ ਏ

ਗੁਰਮੀਤ ਦੇ ਉੱਤੇ ਨਹੀਂ ਭਰੋਸਾ
ਕਿਹੜੀ ਗੱਲ ਦਾ ਦੱਸਦੇ ਰੋਸ਼ਾ
ਮੰਗੀ ਉਡਦੀਆਂ ਫੜਨਾ ਜਾਣੇ
ਕਿਉਂ ਤੂੰ ਸੱਚ ਬਲਾਉਨਾ ਏ
ਸਾਫ ਸੁਥਰੀਆਂ ਕਲਮਾਂ ਉਤੇ
ਕਾਹਨੂੰ ਬੰਦਸ਼ਾਂ ਲਾਉਨਾ ਏ



**ਗੁਰਮੀਤ ਡੁਮਾਣਾ**
**ਲੋਹੀਆਂ ਖਾਸ**
**ਜਲੰਧਰ**

## "ਜ਼ਿੰਦਗੀ"


ਜੋ ਕੂੰਜਾਂ ਨੇ ਆਈਆਂ ਉੱਡ ਕੇ, ਉਹਨਾਂ ਵੀ ਮੁੜ ਜਾਣਾ ਏ,
ਮਾਰ ਉਡਾਰੀ ਕੂੰਜਾਂ ਵਾਂਗੂੰ, ਆਪਾਂ ਵੀ ਤੇ ਤੁਰ ਜਾਣਾ ਏ,
ਪਾਣੀ ਵਿੱਚ ਪਤਾਸਾ ਜ਼ਿੰਦਗੀ, ਆਖਰ ਨੂੰ ਖੁਰ ਜਾਣਾ ਏ,
ਲੱਖਾਂ ਰੱਖ ਖਜ਼ਾਨੇ ਭਰ ਕੇ, ਆਖਰ ਸਭ, ਥੁੜ ਜਾਣਾ ਏ,
ਕਿੰਨੀਂ ਰੱਖ ਲੈ ਸਾਂਭ ਕੇ ਕਾਇਆ,ਆਖਰ ਨੂੰ ਛੜ ਜਾਣਾ ਏ,
ਮਹਿਲ-ਮੁਨਾਰੇ, ਧੀਆਂ-ਪੁੱਤ ਸਭ, ਇਥੇ ਹੀ ਛੱਡ ਜਾਣਾ ਏ,
ਕਿਉਂ ਤੂੰ ਮਾਰੇ ਹੱਕ ਬੇਗਾਨੇ,ਸਭ ਨੇ ਜੋ ਲਿਖਿਆ ਸੋ ਖਾਣਾ ਏ,
ਦਨੀਆਂ ਨੂੰ ਕਿਉਂ ਸਮਝੇ ਬੁੱਧੂ, ਹਰ ਕੋਈ ਬਹੁਤ ਸਿਆਣਾ ਏ,
ਕਿਉਂ ਤੂੰ ਮੇਰੀ-ਮੇਰੀ ਕਰਦੈਂ, ਨਾਲ ਨਾ, ਕੱਖ ਵੀ ਜਾਣਾ ਏ,
ਸਭ ਨੂੰ ਰਿਜਕ,ਦਿੱਤਾ ਉਸ ਦਾਤੇ, ਸਭ ਨੇ ਆਪਣਾ ਖਾਣਾ ਏ,
ਮਾਲਕ ਮਿਹਰ ਉਸੀ ਤੇ ਕਰਦਾ, ਜੋ ਮੰਨਦਾ ਉਸਦਾ ਭਾਣਾ ਏ,
ਚਾਰ ਦਿਨਾਂ ਦਾ ਮੇਲਾ ਜ਼ਿੰਦਗੀ,ਆਖਰ ਨੂੰ ਤੁਰ ਜਾਣਾ ਏ,
ਸੰਦੀਪ ਭੁਲਾ ਦੇ ਸਭ ਰੁਸਵਾਈਆਂ, ਹੱਸਕੇ ਜੇਕਰ ਜਾਣਾ ਏ,



**ਸੰਦੀਪ ਸਿੰਘ 'ਬਖੋਪੀਰ'**
**ਸੰਪਰਕ:-9815321017**

## ਲੋਕੀ ਜਿਉਣਾ ਨਹੀਂ ਜਾਣਦੇ

ਲੋਕੀ ਜਿਉਣਾ ਨਹੀਂ ਜਾਣਦੇ
ਛੋਟੇ ਵੱਡੇ ਦੀ ਕਦਰ ਨਹੀਂ ਪਛਾਣਦੇਝ
ਮਤਲਬ ਨਿਕਲਣ ਦੇ ਬਾਅਦ
ਬੰਦੇ ਦੇ ਨੇੜੇ ਨਹੀਂ ਆਉਂਦੇਝ
ਦੂਜੇ ਦੀ ਮਾਂ ਭੈਣ ਨੂੰ ਤਾਂ ਕੀ ਮੰਨਣਾ
ਆਪਣਿਆਂ ਨਾਲ ਰਹਿਣ ਦਾ ਸੁੱਖ ਵੀ ਨਹੀਂ ਮਾਣਦੇਝ
ਕਦੇ ਇਮਾਨਦਾਰੀ ਦੀ ਰੋਟੀ ਖਾਇਆ ਕਰਦੇ ਸੀ ਲੋਕਝ
ਅੱਜ ਕੱਲ ਤਾਂ ਉਤੇ ਦੀ ਕਮਾਈ ਦਾ ਸੁੱਖ ਜਾਣਦੇ
ਝ ਕਦੇ ਭਰਾ ਭਰਾ ਤੇ ਜਾਨ ਦਿਆ ਕਰਦੇ ਸੀ
ਅੱਜ ਕੱਲ ਗਰੀਬ ਭਰਾ ਨੂੰ ਨਹੀਂ ਪਛਾਣਦੇਝ
ਕਦੇ ਸਵੇਰੇ ਉੱਠ ਕੇ ਮਾਪੇ ਦਾ ਮੱਥਾ ਟੇਕਦੇ ਹੁੰਦੇ ਸੀ ਲੋਕ
ਅੱਜ ਕੱਲ ਬੱਚੇ ਮਾਂ ਪਿਓ ਨੂੰ ਹੈ ਡਰਾਉਂਦੇਝ
ਕਦੇ ਦਇਆ ਪੂਜਾ ਪਾਠ ਦਾ ਜਮਾਨਾ ਹੁੰਦਾ ਸੀ
ਅੱਜ ਕੱਲ ਮੋਬਾਈਲ ਨੂੰ ਛੱਡ ਕਿਸੇ ਚੀਜ਼ ਨੂੰ ਨਹੀਂ ਜਾਣਦੇਝ



**ਪ੍ਰੋਫੈਸਰ ਸ਼ਾਮ ਲਾਲ ਕੌਸ਼ਲ**
**ਮੋਬਾਇਲ 94 16 35 9045**
**ਰੋਹਤਕ ਹਰਿਆਣਾ**

## ' 52 ਰਾਜੇ ਅਤੇ ਕਵੀ '

52 ਰਾਜੇ ਸੇਵਕ ਲੱਭਣ ਨਾ ਗੁਰੂ ਰਵਿਦਾਸ ਜੀ ਦੇ,
ਨਾ ਗੁਰੂ ਹਰਗੋਬਿੰਦ ਜੀ ਨਾਲ ਆਏ ਜੋ ਬਾਹਰ ਸਿੱਖੋ।
ਨਾ 51 ਕਵੀ ਗੁਰੂ ਗੋਬਿੰਦ ਸਿੰਘ ਵਾਲੇ ਲੱਭਦੇ ਨੇ,
ਮਿਥਿਹਾਸ ਦਾ ਵੱਡਾ ਹੋ ਰਿਹਾ ਹੈ ਪ੍ਰਚਾਰ ਸਿੱਖੋ।
ਸੱਚ ਝੂਠ ਦਾ ਕਦੇ ਨਹੀਂ ਪਤਾ ਲਗਦਾ,
ਜੋ ਪੜ੍ਹ ਸੁਣਕੇ ਕਰਦੇ ਨਹੀਂ ਵਿਚਾਰ ਸਿੱਖੋ।
ਪ੍ਰਚਾਰਕ, ਸੱਚ ਕਹਿੰਦਾ ਕਿ ਝੂਠ ਇਹ,
ਸਭ ਦੀ ਕਰੀ ਜਾਂਦੇ ਜੈ ਜੈਕਾਰ ਸਿੱਖੋ।
ਤੁਸੀਂ ਸੱਚ ਝੂਠ ਦੀ ਸਿੱਖ ਲਓ ਪਰਖ ਕਰਨੀ,
ਫਿਰ ਝੂਠ ਚੱਲਣਾ ਨਹੀਂ ਸ਼ਰੇ ਬਾਜ਼ਾਰ ਸਿੱਖੋ।
ਜਿਹਨਾਂ ਨੇ ਇਤਿਹਾਸ ਦਾ ਬੇੜਾ ਗ਼ਰਕ ਕਰਿਆ,
ਉਹਨਾਂ ਨੂੰ ਇਤਿਹਾਸ ਦਾ ਸਮਝ ਬੈਠੇ ਅਲੰਬਰਦਾਰ ਸਿੱਖੋ।

**ਮੇਜਰ ਸਿੰਘ ਬੁਢਲਾਡਾ**
**94176 42327**





# ਫਰਹੀਨ ਚੇਚੀ ਕਾਠਗੜ੍ਹ ਉਮੀਦਵਾਰ ਸਟੇਟ ਜਨਰਲ ਸੈਕਟਰੀ ਪੰਜਾਬ ਯੂਥ ਕਾਂਗਰਸ ਦੇ ਲਈ ਮੈਦਾਨ ਵਿੱਚ ਉਤਰਿਆ

**●ਆਨ ਲਾਈਨ ਹੋਵੇਗੀ ਵੋਟਿੰਗ ,18 ਤੋਂ 35 ਸਾਲ ਦੇ ਕਰ ਸਕਣਗੇ ਵੋਟ**

**● ਛੋਟੀ ਉਮਰ ਵਿੱਚ ਰਾਜਨੀਤੀ 'ਚ ਰੱਖਿਆ ਪੈਰ**



**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )–** ਬਲਾਚੌਰ ਤੋਂ ਸਿਆਸਤ ਦੇ ਮੋਢੀ ਅਤੇ ਮਰਹੂਮ ਸਾਬਕਾ ਵਿਧਾਇਕ ਮਾਸਟਰ ਦਲੀਪ ਚੰਦ ਦਾ ਪੜ੍ਹਪੋਤਾ ਅਤੇ ਸਾਬਕਾ ਬਲਾਕ ਸੰਮਤੀ ਮੈਂਬਰ ਅਤੇ ਸੀਨੀਅਰ ਕਾਂਗਰਸੀ ਵਿੱਕੀ ਚੌਧਰੀ ਕਾਠਗੜ੍ਹ ਦਾ ਬੇਟਾ ਫਰਹੀਨ ਚੇਚੀ ਕਾਠਗੜ੍ਹ (21) ਜੋ ਕਿ ਹਾਲ ਹੀ ਵਿੱਚ ਹੋਣ ਜਾ ਰਹੀਆਂ ਸਟੇਟ ਜਨਰਲ ਸੈਕਟਰੀ ਪੰਜਾਬ ਯੂਥ ਕਾਂਗਰਸ ਦੀਆ ਚੋਣਾਂ ਲਈ ਬਲਾਚੌਰ ਤੋਂ ਆਪਣੀ ਛੋਟੀ ਉਮਰ ਵਿੱਚ ਦਾਅਵੇਦਾਰੀ ਕੀਤੀ ਹੈ। ਫਰਹੀਨ ਚੇਚੀ ਦਾ ਕਹਿਣਾ ਹੈ ਕਿ ਅੱਜ ਸਮੇਂ ਦੀ ਲੋੜ ਹੈ ਕਿ ਸਿਆਸਤ ਵਿੱਚ ਪੜ੍ਹੇ ਲਿਖੇ ਨੌਜਵਾਨਾਂ ਅੱਗੇ ਆਉਣ ਤਾਂ ਕਿ ਪੰਜਾਬ ਦੇ ਲੋਕਾਂ ਨੂੰ ਜੋ ਮੁਢਲੀਆਂ ਸੁਵਿਧਾਵਾਂ ਤੋਂ ਵਾਂਝਾ ਕੀਤਾ ਜਾ ਰਿਹਾ ਉਸ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਵੋਟਰ ਨੌਜਵਾਨ ਯੂਥ ਉਮੀਦਵਾਰ ਨੂੰ ਭਾਰੀ ਬਹੁਮਤ ਨਾਲ ਵੋਟਿੰਗ ਕਰਕੇ ਅੱਗੇ ਲਿਆਉਣ। ਉਨ੍ਹਾਂ ਨੇ ਦੱਸਿਆਂ ਕਿ ਇਹ ਵੋਟਿੰਗ ਆਨਲਾਈਨ ਹੋਵੇਗੀ।ਇਹ ਵੋਟ 18 ਤੋਂ 35ਸਾਲ ਦਾ ਯੂਥ ਵਰਗ ਵੋਟਿੰਗ ਕਰ ਸਕਦਾ ਹੈ। ਉਨ੍ਹਾਂ ਨੇ ਇਲ–ਾਕੇ ਦੇ ਯੂਥ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਉਨ੍ਹਾਂ ਨੂੰ ਆਨਲਾਈਨ ਵੋਟ ਕਰਕੇ ਕਾਮਯਾਬ ਕਰਨ ।

# ਭਾਰੀ ਮਾਤਰਾ ਸ਼ਰਾਬ ਨਾਲ ਇਕ ਵਿਅਕਤੀ ਕਾਬੂ ,ਦੂਸਰਾ ਫਰਾਰ



**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )** ਥਾਣਾ ਕਾਠਗੜ੍ਹ ਪੁਲਿਸ ਨੇ ਇਕ ਵਿਅਕਤੀ ਨੂੰ ਕਾਬੂ ਕਰਕੇ ਉਸਦੇ ਕੋਲੋਂ ਭਾਰੀ ਮਾਤਰਾ ਵਿੱਚ ਸ਼ਰਾਬ ਬਰਾਮਦ ਕੀਤੀ। ਜਦਕਿ ਉਸਦਾ ਦੂਸਰਾ ਸਾਥੀ ਮੌਕੇ ਤੋਂ ਫਰਾਰ ਹੋ ਗਿਆ। ਕਾਠਗੜ੍ਹ ਪੁਲਿਸ ਨੇ ਦੋਨੋਂ ਕਥਿਤ ਆਰੋਪੀਆ ਦੇ ਖਿਲਾਫ ਐਕਸਾਈਜ਼ ਐਕਟ ਦੇ ਅਧੀਨ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਏਐਸਆਈ ਪ੍ਰੇਮ ਲਾਲ ਨੇ ਦੱਸਿਆ ਕਿ ਉਹ ਪੁਲਿਸ ਪਾਰਟੀ ਨਾਲ ਕਾਠਗੜ੍ਹ ਸਾਇਡ ਤੋਂ ਗਸ਼ਤ ਕਰਦੇ ਹੋਏ ਪਿੰਡ ਜਲਾਲਪੁਰ ਦੇ ਵੱਲ ਜਾ ਰਹੇ ਸਨ। ਉਨ੍ਹਾਂ ਨੂੰ ਸੜਕ ਦੋ ਵਿਅਕਤੀ ਖੜ੍ਹੇ ਦਿਖਾਈ ਦਿੱਤੇ ਜਿਹਨਾਂ ਦੇ ਹੱਥ ਵਿੱਚ ਪਲਾਸਟਿਕ ਦੇ ਥੈਲੇ ਸਨ ਜੋ ਪੁਲਿਸ ਪਾਰਟੀ ਦੇਖ ਕੇ ਘਬਰਾ ਗਏ ਇੱਕ ਦਮ ਪਿੱਛੇ ਨੂੰ ਮੁੜਨ ਲੱਗੇ ਤਾਂ ਪੁਲਿਸ ਨੇ ਸ਼ੱਕ ਦੇ ਆਧਾਰ ਤੇ ਉਨ੍ਹਾਂ ਵਿੱਚੋਂ ਇਕ ਵਿਅਕਤੀ ਨੂੰ ਕਾਬੂ ਕਰ ਲਿਆ ਜਦ ਕਿ ਦੂਸਰਾ ਵਿਅਕਤੀ ਮੌਕੇ ਤੋਂ ਫਰਾਰ ਹੋ ਗਿਆ। ਜਦੋਂ ਉਨ੍ਹਾਂ ਇੱਕ ਕਾਬੂ ਕੀਤੇ ਕਥਿਤ ਆਰੋਪੀ ਦੀ ਤਲਾਸ਼ੀ ਲਈ ਤਾਂ ਉਸਦੇ ਪਲਾਸਟਿਕ ਦੇ ਬੈਗ ਵਿੱਚ 96 ਬੋਤਲਾਂ ਚੰਡੀਗੜ੍ਹ ਮਾਰਕਾ 999 ਸਟਾਰ ਫਾਈਨ ਰਮ ਬਰਾਮਦ ਹੋਈ। ਉਨ੍ਹਾਂ ਦੱਸਿਆਂ ਕਿ ਕਾਬੂ ਕੀਤੇ ਕਥਿਤ ਆਰੋਪੀ ਦਾ ਪਹਿਚਾਣ ਨਰਿੰਦਰ ਕੁਮਾਰ ਨਿਵਾਸੀ ਅੰਬੇਡਕਰ ਕਾਲੋਨੀ ਰੱਤੇਵਾਲ ਥਾਣਾ ਕਾਠਗੜ੍ਹ ਅਤੇ ਦੂਸਰੇ ਫਰਾਰ ਆਰੋਪੀ ਦਾ ਨਾਮ ਗੁਰਪ੍ਰੀਤ ਸਿੰਘ ਨਿਵਾਸੀ ਜਲਾਲਪੁਰ ਥਾਣਾ ਕਾਠਗੜ੍ਹ ਦੇ ਰੂਪ ਵਿੱਚ ਹੋਈ। ਪੁਲਿਸ ਨੇ ਦੋਨਾਂ ਦੇ ਖਿਲਾਫ ਮਾਮਲਾ ਦਰਜ ਕਰਕੇ ਦੂਸਰੇ ਆਰੋਪੀ ਦੀ ਭਾਲ ਸ਼ੁਰੂ ਕਰ ਦਿੱਤੀ।






# ਸਮਰਾਲਾ ਪੁਲਿਸ ਵੱਲੋਂ ਮਾਛੀਵਾੜਾ ਸਮਰਾਲਾ ਵਿੱਚ ਮੈਡੀਕਲਾ ਤੋਂ ਨਸ਼ੀਲੇ ਪਦਾਰਥ ਫੜੇ






**ਮਾਛੀਵਾੜਾ ਸਾਹਿਬ–ਸਮਰ–ਾਲਾ/ ਬਲਬੀਰ ਸਿੰਘ ਬੱਬੀ**

ਪੰਜਾਬ ਵਿੱਚ ਨਸ਼ਿਆਂ ਦਾ ਕੰਮ ਹੌਲੇ ਹੌਲੇ ਕਦਮੀ ਸ਼ੁਰੂ ਹੋਇਆ ਇਸ ਨਸ਼ਿਆਂ ਦੇ ਮਾਮਲੇ ਦੇ ਵਿੱਚ ਪੰਜਾਬ ਨਾਲ ਸੰਬੰਧਿਤ ਰਾਜਨੀਤਕ ਪਾਰਟੀਆਂ ਦੇ ਕੁਝ ਕੁ ਲਾਲਚੀ ਪੰਜਾਬ ਦੇ ਵੈਰੀ ਆਗੂਆਂ ਨੇ ਨਸ਼ਿਆਂ ਨੂੰ ਪੁਸ਼ਤ ਪਨਾਹੀ ਦਿੱਤੀ ਤੇ ਪੰਜਾਬ ਦੇ ਪੁਲਿਸ ਵਿਭਾਗ ਦੇ ਵਿੱਚੋਂ ਲਾਲਚੀ ਤੇ ਗ਼ਦਾਰ ਕਿਸਮ ਦੇ ਵੱਡੇ ਛੋਟੇ ਅਫਸਰਾਂ ਤੇ ਮੁਲਾਜ਼ਮਾਂ ਨੇ ਅਜਿਹੇ ਰਾਜਨੀਤਿਕ ਆਗੂਆਂ ਤੇ ਲੋਕਾਂ ਦਾ ਸਾਥ ਦੇ ਕੇ ਪੰਜਾਬ ਵਿੱਚ ਨਸ਼ਿਆਂ ਨੂੰ ਪ੍ਰਚਲਤ ਕਰਨ ਲਈ ਯੋਗਦਾਨ ਪਾਇਆ ਹੈ ਪੁਲਿਸ ਵਿਭਾਗ ਦੇ ਵਿੱਚ ਅਜਿਹੇ ਪੁਲਿਸ ਅਫਸਰਾਂ ਤੇ ਮੁਲਾਜ਼ਮਾਂ ਦੀ ਘਾਟ ਨਹੀਂ ਜੋ ਪੰਜਾਬ ਦੇ ਵਿੱਚ ਹੋ ਰਹੀਆਂ ਗਲਤ ਗਤੀਵਿਧੀਆਂ ਨਸ਼ਿਆਂ ਗੈਂਗਸਟਰਾਂ ਤੋਂ ਪੰਜਾਬ ਵਾਸੀਆਂ ਨੂੰ ਬਚਾਉਣਾ ਚਾਹੁੰਦੇ ਹਨ ਪਰ ਇਸੇ ਪੁਲਿਸ ਵਿਭਾਗ ਵਿੱਚ ਅਜਿਹੇ ਪੁਲਿਸ ਅਫਸਰ ਤੇ ਮੁਲਾਜ਼ਮ ਹਨ ਜਿਨਾਂ ਨੇ ਨਸ਼ੇ ਵਿੱਚ ਹੱਥ ਰੰਗੇ ਮਜਾਜ ਸਭ ਕੁਝ ਚਲਾਇਆ ਤਾਂ ਇਹ ਸਮੱਸਿਆ ਗੰਭੀਰ ਬਣ ਗਈ ਤੇ ਪੰਜਾਬ ਵਿੱਚ ਚੱਲ ਰਹੇ ਨਸ਼ਿਆਂ ਦੇ ਦਰਿਆ ਦੇ ਵਿੱਚ ਲੋਕ ਡੁੱਬ ਕੇ ਮਰ ਰਹੇ ਹਨ ਕੋਈ ਨਸ਼ਾ ਨਾ ਮਿਲਣ ਦੀ ਸੂਰਤ ਵਿੱਚ ਮਰ ਰਿਹਾ ਹੈ ਕੋਈ ਨਸ਼ਾ ਓਵਰਡੋਜ ਕਾਰਨ ਮਰਿਆ ਹੈ ਕੋਈ ਨਸ਼ਿਆਂ ਨੂੰ ਰੋਕਦਾ ਹੋਇਆ ਨਸ਼ਾ ਸਮਗਲਰਾਂ ਹੱਥ ਮਰ ਰਿਹਾ ਹੈ।

ਇਸ ਵਿਗੜੀ ਸਥਿਤੀ ਨੂੰ ਕਾਬੂ ਕਰਨ ਲਈ ਪੰਜਾਬ ਵਿੱਚ ਲਈ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਮਾਨ ਕੈਬਨਿਟ ਅਧਿਕਾਰੀਆਂ ਤੋਂ ਇਲਾਵਾ ਪੰਜਾਬ ਪੁਲਿਸ ਦੇ ਡੀਜੀਪੀ ਤੇ ਹੋਰ ਉੱਚ ਅਧਿਕਾਰੀਆਂ ਦੇ ਨਾਲ ਵਿਸ਼ੇਸ਼ ਮੀਟਿੰਗ ਤੋਂ ਬਾਅਦ ਪਿਛਲੇ ਇਕ ਮਾਰਚ ਤੋਂ ਪੰਜਾਬ ਵਿੱਚ ਯੁੱਧ ਨਸ਼ਿਆਂ ਵਿਰੁੱਧ ਚੱਲਿਆ ਸਮੁੱਚੇ ਪੰਜਾਬ ਵਿੱਚ ਨਸ਼ਾ ਸਮਗਲਰਾਂ ਵਿਰੁੱਧ ਕਾਰਵਾਈਆਂ ਹੋਈਆਂ ਅਨੇਕਾਂ ਪਾਸਿਆਂ ਤੋਂ ਚੰਗੇ ਨਤੀਜੇ ਵੀ ਸਾਹਮਣੇ ਆਏ ਪਰ ਫਿਰ ਉਹੀ ਗੱਲ ਕੁਝ ਗਲਤ ਸੋਚ ਵਾਲੇ ਲੋਕਾਂ ਨੇ ਯੁਧ ਨਸ਼ਿਆਂ ਵਿਰੁੱਧ ਦੀ ਪਰਵਾਹ ਨਾ ਕਰਦਿਆਂ ਹੋਇਆ ਨਸ਼ਿਆਂ ਦਾ ਕੰਮ ਜਾਰੀ ਰੱਖਿਆ।

ਇਸ ਦੀ ਗਵਾਹੀ ਭਰਦਾ ਹੈ ਜਿਲਾ ਲੁਧਿਆਣਾ ਦਾ ਸਮਰਾਲਾ ਮਾਛੀਵਾੜਾ ਇਲਾਕਾ ਦੋਵਾਂ ਸ਼ਹਿਰਾਂ ਦੇ ਵਿੱਚੋਂ ਸਮਰ–ਾਲਾ ਪੁਲਿਸ ਨੇ ਇੱਕ ਵਿਸ਼ੇਸ਼ ਜਾਣਕਾਰੀ ਅਧੀਨ ਆਪਣੀ ਕਾਰਵਾਈ ਸ਼ੁਰੂ ਕੀਤੀ ਸਮਰਾ–ਲੇ ਤੋਂ ਮੈਡੀਕਲ ਨਸ਼ਾ ਕਾਬੂ ਕੀਤਾ ਉਸ ਦੀਆਂ ਤਾਰਾਂ ਮਾਛੀਵਾੜੇ ਨਾਲ ਜੁੜੀਆਂ ਹੋਈਆਂ ਤੇ ਅਖੀਰ ਨੂੰ ਅੱਜ ਡੀਐਸਪੀ ਤਰਲੋਚਨ ਸਿੰਘ ਦੀ ਅਗਵਾਈ ਹੇਠ ਇੱਕ ਵਿਸ਼ੇਸ਼ ਟੀਮ ਨੇ ਮਾਛੀਵਾੜਾ ਦੇ ਗੁਰਕਰਨ ਮੈਡੀਕਲ ਵਿੱਚ ਛਾਪੇਮਾਰੀ ਕੀਤੀ ਜਿੱਥੋਂ ਵੱਡੀ ਗਿਣਤੀ ਵਿੱਚ ਨਸ਼ੀਲੀਆਂ ਦਵਾਈਆਂ ਦਾ ਜ਼ਖ਼ੀਰਾ ਬਰਾਮਦ ਹੋਇਆ ਇਸ ਮੌਕੇ ਡੀਐਸਪੀ ਤਰਲੋਚਨ ਸਿੰਘ ਤੇ ਉਹਨਾਂ ਦੇ ਨਾਲ ਸਿਹਤ ਵਿਭਾਗ ਤੋਂ ਡਰੱਗ ਇੰਸਪੈਕਟਰ ਸਾਰੀ ਜਾਂਚ ਪੜਤਾਲ ਆਪਣੇ ਹੱਥੀ ਕਰਦੇ ਦੇਖੇ ਗਏ ਤੇ ਜਦੋਂ ਚੰਗੀ ਤਰ੍ਹਾਂ ਛਾਣਬੀਣ ਹੋਈ ਤਾਂ ਹੈਰਾਨੀ ਹੋਈ ਕਿ ਵੱਡੀ ਗਿਣਤੀ ਦੇ ਵਿੱਚ ਨਸ਼ੀਲੀਆਂ ਗੋਲੀਆਂ ਉਥੋਂ ਬਰਾਮਦ ਹੋਈਆਂ ਜਿਸ ਦੀ ਇਲਾਕੇ ਵਿੱਚ ਸਪਲਾਈ ਚੱਲ ਰਹੀ ਸੀ। ਇਸ ਮੈਡੀਕਲ ਹਾਲ ਨੂੰ ਸੀਟ ਕਰ ਦਿੱਤਾ ਗਿਆ ਹੈ ਪੂਰੀ ਛਾਣਬੀਣ ਤੋਂ ਬਾਅਦ ਸਖਤ ਕਾਰਵਾਈ ਕੀਤੀ ਜਾਵੇਗੀ। ਡੀਐਸਪੀ ਤਰਲੋਚਨ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਤੇ ਪੰਜਾਬ ਪੁਲਿਸ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਤਹਤ ਕਾਰਵਾਈਆਂ ਹੋ ਰਹੀਆਂ ਹਨ ਪਰ ਮੇਰੀ ਬੇਨਤੀ ਇਲਾਕੇ ਦੇ ਲੋਕਾਂ ਨੂੰ ਹੈ ਕਿ ਆਪਾਂ ਨਸ਼ੇ ਤੋਂ ਆਪਣਾ ਇਲਾਕਾ ਬਚਾਉਣਾ ਹੈ ਇਸ ਲਈ ਜਨਤਾ ਨੂੰ ਬੇਨਤੀ ਹੈ ਕਿ ਤੁਹਾਡੇ ਨੇੜੇ ਕਿਸੇ ਕਿਸਮ ਦਾ ਵੀ ਕੋਈ ਨਸ਼ਾ ਵਿਕ ਰਿਹਾ ਉਸ ਦੀ ਸੂਚਨਾ ਤੁਰੰਤ ਮੇਰੇ ਦਫ਼ਤਰ ਆ ਕੇ ਦਿੱਤੀ ਜਾਵੇ।

ਡੀਐਸਪੀ ਵੱਲੋਂ ਸਮਰਾਲਾ ਮਾਛੀਵਾੜਾ ਸਮਰਾਲਾ ਤੇ ਇਲਾਕੇ ਦੇ ਸਾਰੇ ਹੀ ਮੈਡੀਕਲ ਵਾਲਿਆਂ ਨੂੰ ਚਿਤਾਵਨੀ ਦਿੱਤੀ ਹੈ ਕਿ ਪੁਲਿਸ ਵੱਲੋਂ ਸਖਤ ਨਿਗਾਹ ਰੱਖੀ ਜਾ ਰਹੀ ਹੈ ਜੇਕਰ ਮੈਡੀਕਲ ਤੋਂ ਕੋਈ ਵੀ ਨਸ਼ੀਲਾ ਪਦਾਰਥ ਗੋਲੀ ਤੱਕ ਬਰਾਮਦ ਹੋਈ ਉਸ ਉਪਰ ਸਖਤ ਕਾਰਵਾਈ ਕੀਤੀ ਜਾਵੇਗੀ।

# ਡਾ. ਮਮਤਾ ਨੇਂ ਸੰਭਾਲਿਆ ਸਾਹਿਬਜਾਦਾ ਜ਼ੋਰਾਵਰ ਸਿੰਘ ਸਰਕਾਰੀ ਕਾਲਜ, ਰਾਏਕੋਟ ਦੇ ਪ੍ਰਿੰਸੀਪਲ ਦਾ ਉਹਦਾ

**ਰਾਏਕੋਟ ਗੁਰਭਿੰਦਰ ਗੁਰੀ**
ਮਿਤੀ 28 ਜਨਵਰੀ 2026 ਨੂੰ ਸਾਹਿਬਜਾਦਾ ਜ਼ੋਰਾਵਰ ਸਰਕਾਰੀ ਕਾਲਜ ਵਿਖ਼ੇ ਡਾ ਮਮਤਾ ਵਲੋਂ ਪ੍ਰਿੰਸੀਪਲ ਦਾ ਉਹਦਾ ਸੰਭਾਲਿਆ ਗਿਆ । ਡਾ ਮਮਤਾ ਪਿਛਲੇ 33 ਸਾਲਾਂ ਤੋਂ ਸਿਖਿਆ ਦੇ ਖ਼ੇਤਰ ਵਿੱਚ ਆਪਣੀ ਸੇਵਾਵਾਂ ਨਿਭਾ ਰਹੇ ਹਨ। ਇਸ ਤੋਂ ਪਹਿਲਾਂ ਡਾ ਮਮਤਾ ਸਰਕਾਰੀ ਕਾਲਜ ਲੜਕੀਆਂ ਲੁਧਿਆਣਾ ਵਿਖ਼ੇ ਬਤੌਰ ਐਸੋਸਿਏਟ ਪ੍ਰੋਫੈਸਰ ਵਜੋਂ ਆਪਣੀਆਂ ਸੇਵਾ ਨਿਭਾ ਚੁੱਕੇ ਹੁਨ। ਇਸ ਮੋਕੇ ਤੇ ਸਾਰੇ ਸਟਾਫ ਵਲੋਂ ਅਤੇ ਵਿਦਿਆਰਥੀਆਂ ਵਲੋਂ ਡਾ. ਮਮਤਾ ਨੂੰ ਮੁਬਾਰਕਬਾਦ ਦਿੰਦੇ ਹੋਏ ਉਹਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ।



# ਸੜਕ ਸੁਰੱਖਿਆ ਮਹੀਨੇ ਦੌਰਾਨ ਜ਼ਿਲ੍ਹੇ ਭਰ 'ਚ ਜਾਗਰੂਕਤਾ ਮੁਹਿੰਮਾਂ ਕਰੀਆਂ ਤੇਜ਼



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸੜਕ ਸੁਰੱਖਿਆ ਮਹੀਨਾ ਪ੍ਰੋਗਰਾਮ ਤਹਿਤ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਅਤੇ ਐਸ.ਐਸ.ਪੀ ਸੰਦੀਪ ਕੁਮਾਰ ਮਲਿਕ ਦੀ ਅਗਵਾਈ ਹੇਠ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਇੱਕ ਵਿਸ਼ਾਲ ਸੜਕ ਸੁਰੱਖਿਆ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਦਾ ਉਦੇਸ਼ ਸੜਕ ਹਾਦਸਿਆਂ ਨੂੰ ਘਟਾਉਣਾ, ਨਾਗਰਿਕਾਂ ਵਿੱਚ ਟ੍ਰੈਫਿਕ ਨਿਯਮਾਂ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਅਤੇ ਸੁਰੱਖਿਅਤ ਸੜਕ ਸੱਭਿਆਚਾਰ ਨੂੰ ਉਤਸ਼ਾਹਿਤ ਕਰਨਾ ਹੈ। ਇਸ ਜਾਣਕਾਰੀ ਦਾ ਖੁਲਾਸਾ ਕਰਦਿਆਂ ਖੇਤਰੀ ਟਰਾਂਸਪੋਰਟ ਅਧਿਕਾਰੀ (ਆਰ.ਟੀ.ਓ) ਅਮਨਦੀਪ ਕੌਰ ਨੇ ਦੱਸਿਆ ਕਿ ਜ਼ਿਲ੍ਹੇ ਭਰ ਦੇ ਸਰਕਾਰੀ ਅਤੇ ਨਿੱਜੀ ਸਕੂਲਾਂ ਵਿੱਚ ਵਿਸ਼ੇਸ਼ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤੇ ਜਾ ਰਹੇ ਹਨ, ਜਿਸ ਵਿੱਚ ਵਿਦਿਆਰਥੀਆਂ ਨੂੰ ਹੈਲਮੇਟ ਅਤੇ ਸੀਟ ਬੈਲਟ ਦੀ ਮਹੱਤਤਾ, ਤੇਜ਼ ਰਫ਼ਤਾਰ ਦੇ ਖ਼ਤਰਿਆਂ, ਪ੍ਰਭਾਵ ਹੇਠ ਗੱਡੀ ਚਲਾਉਣ ਤੋਂ ਬਚਣ ਅਤੇ ਟ੍ਰੈਫਿਕ ਸਿਗਨਲਾਂ ਦੀ ਪਾਲਣਾ ਕਰਨ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਵਿਦਿਆਰਥੀਆਂ ਨੂੰ "ਸੇਫ ਰੋਡ ਯੂਜ਼ਰ" ਬਣਨ ਲਈ ਵੀ ਉਤਸ਼ਾਹਿਤ ਕੀਤਾ ਜਾ ਰਿਹਾ ਹੈ।ਆਰ.ਟੀ.ਓ ਨੇ ਦੱਸਿਆ ਕਿ ਰਾਤ ਨੂੰ ਦ੍ਰਿਸ਼ਟੀ ਵਧਾਉਣ ਅਤੇ ਹਾਦਸਿਆਂ ਦੇ ਜੋਖਮ ਨੂੰ ਘਟਾਉਣ ਲਈ ਮੁਹਿੰਮ ਦੇ ਹਿੱਸੇ ਵਜੋਂ ਵਾਹਨਾਂ 'ਤੇ ਰਿਫਲੈਕਟਰ ਲਗਾਏ ਜਾ ਰਹੇ ਹਨ। ਇਸ ਤੋਂ ਇਲਾਵਾ ਜ਼ਿਲ੍ਹੇ ਵਿੱਚ ਪ੍ਰਦੂਸ਼ਣ ਕੰਟਰੋਲ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਵਿੱਚ ਬਿਨਾਂ ਵੈਧ ਪ੍ਰਦੂਸ਼ਣ ਸਰਟੀਫਿਕੇਟ ਦੇ ਚੱਲਣ ਵਾਲੇ ਵਾਹਨਾਂ ਦੀ ਜਾਂਚ ਕੀਤੀ ਜਾਂਦੀ ਹੈ ਅਤੇ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਂਦੀ ਹੈ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਸੜਕ ਸੁਰੱਖਿਆ ਸਿਰਫ਼ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਨਹੀਂ ਹੈ, ਸਗੋਂ ਸਮਾਜ ਦੇ ਹਰੇਕ ਨਾਗਰਿਕ ਦੀ ਸਮੂਹਿਕ ਜ਼ਿੰਮੇਵਾਰੀ ਵੀ ਹੈ। ਐਸ.ਐਸ.ਪੀ ਸੰਦੀਪ ਕੁਮਾਰ ਮਲਿਕ ਨੇ ਜਨਤਾ ਨੂੰ ਅਪੀਲ ਕੀਤੀ ਕਿ ਉਹ ਟ੍ਰੈਫਿਕ ਨਿਯਮਾਂ ਦੀ ਇਮਾਨਦਾਰੀ ਨਾਲ ਪਾਲਣਾ ਕਰਨ ਅਤੇ ਦੂਜਿਆਂ ਨੂੰ ਵੀ ਅਜਿਹਾ ਕਰਨ ਲਈ ਪ੍ਰੇਰਿਤ ਕਰਨ। ਪ੍ਰਸ਼ਾਸਨ ਨੇ ਸਪੱਸ਼ਟ ਕੀਤਾ ਕਿ ਇਹ ਮੁਹਿੰਮ ਸੜਕ ਸੁਰੱਖਿਆ ਮਹੀਨੇ ਦੌਰਾਨ ਜਾਰੀ ਰਹੇਗੀ ਤਾਂ ਜੋ ਜ਼ਿਲ੍ਹੇ ਵਿੱਚ ਇੱਕ ਸੁਰੱਖਿਅਤ, ਅਨੁਸ਼ਾਸਿਤ ਅਤੇ ਜ਼ਿੰਮੇਵਾਰ ਟ੍ਰੈਫਿਕ ਪ੍ਰਣਾਲੀ ਨੂੰ ਯਕੀਨੀ ਬਣਾਇਆ ਜਾ ਸਕੇ।

# ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਜ਼ਿਲ੍ਹਾ ਪੱਧਰੀ ਮੈਗਾ ਦਾਖਲਾ ਮੁਹਿੰਮ ਦੀ ਕੀਤੀ ਸੁਰੂਆਤ

## ਦਾਖਲਾ ਮੁਹਿੰਮ ਵੈਨ ਨੂੰ ਹਰੀ ਝੰਡੀ ਦੇ ਕੇ ਕੀਤਾ ਰਵਾਨਾ



**ਨਵਾਂਸਹਿਰ (ਸਤਨਾਮ ਸਿੰਘ ਸਹੂੰਗੜਾ)** ਵਿਦਿਅਕ ਸ਼ੈਸ਼ਨ 2026-27 ਲਈ ਜ਼ਿਲ੍ਹਾ ਪੱਧਰੀ ਮੈਗਾ ਦਾਖਲਾ ਮੁਹਿੰਮ ਦੀ ਸ਼ੁਰੂਆਤ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਵੱਲੋਂ ਸਕੂਲ ਆਫ ਐਮੀਨੈਂਸ (ਐਸ.ਓ.ਈ) ਨਵਾਂਸਹਿਰ ਤੋਂ ਕੀਤੀ ਗਈ। ਇਸ ਮੌਕੇ ਉਨ੍ਹਾਂ ਦੇ ਨਾਲ ਜ਼ਿਲ੍ਹਾ ਸਿੱਖਿਆ ਅਫਸਰ ਅਨੀਤਾ ਸ਼ਰਮਾ ਅਤੇ ਉਪ ਜਿਲ੍ਹਾ ਸਿੱਖਿਆ ਅਫਸਰ ਲਖਵੀਰ ਸਿੰਘ ਵੀ ਮੌਜੂਦ ਸਨ। ਇਸ ਮੌਕੇ ਕਰਵਾਏ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਵਿੱਚ ਸਿੱਖਿਆ ਕ੍ਰਾਂਤੀ ਲਿਆਂਦੀ ਗਈ ਹੈ ਤੇ ਅੱਜ ਸਾਡੇ ਸਰਕਾਰੀ ਸਕੂਲ ਸਮੇਂ ਦੇ ਹਾਣੀ ਬਣ ਗਏ ਹਨ ਤੇ ਇਹਨਾਂ ਸਕੂਲਾਂ ਵਿੱਚ ਮੁਫਤ ਸਿੱਖਿਆ ਦਿੱਤੀ ਜਾ ਰਹੀ ਹੈ ਬੱਚਿਆ ਨੂੰ ਮੁਫਤ ਕਿਤਾਬਾਂ , ਮੁਫਤ ਵਰਦੀਆਂ ਅਤੇ ਮੁਫਤ ਮਿਡਲ ਡੇ ਮੀਲ ਦੀ ਸਹੂਲਤ ਹੈ। ਇਸ ਤੋਂ ਇਲਾਵਾ ਬੱਚਿਆ ਨੂੰ ਸਰਕਾਰ ਵਲੋਂ ਵਜੀਫੇ ਵੀ ਦਿੱਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਉੱਚ ਦਰਜਾ ਸਿੱਖਿਆ ਪ੍ਰਾਪਤ ਅਧਿਆਪਕ ਕੰਮ ਰਹੇ ਹਨ ਅਤੇ ਬੱਚਿਆ ਨੂੰ ਬਿਹਤਰ ਸਿੱਖਿਆ ਪ੍ਰਦਾਨ ਕਰ ਰਹੇ ਹਨ। ਡਿਪਟੀ ਕਮਿਸ਼ਨਰ ਨੇ ਬੱਚਿਆਂ ਦੇ ਮਾਪਿਆ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ ਤਾਂ ਜੋ ਉਨ੍ਹਾਂ ਦੇ ਬੱਚਿਆਂ ਨੂੰ ਬਿਹਤਰ ਤੇ ਵਧੀਆ ਸਿੱਖਿਆ ਮਿਲ ਸਕੇ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਦੇ ਬੱਚੇ ਆਈ.ਆਈ.ਟੀ ਅਤੇ ਵੱਡੇ ਮੈਡੀਕਲਾਂ ਕਾਲਜਾਂ ਵਿੱਚ ਦਾਖਲਾ ਪ੍ਰਾਪਤ ਕਰ ਹਰੇ ਹਨ। ਉਹਨਾਂ ਕਿਹਾ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪ੍ਰਾਈਵੇਟ ਸਕੂਲਾਂ ਦੀ ਤਰਜ ਤੇ ਨਰਸਰੀ ਜਮਾਤਾਂ ਦੀ ਸੁਰੂਆਤ ਕੀਤੀ ਗਈ ਹੈ। ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਵਲੋਂ ਜ਼ਿਲ੍ਹੇ ਦੀ ਦਾਖਲਾ ਮੁਹਿੰਮ ਵੈਨ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਇਹ ਦਾਖਲਾ ਵੈਨ ਜਿਲ੍ਹੇ ਦੇ ਸਾਰੇ ਬਲਾਕਾਂ ਦੇ ਵੱਖ ਵੱਖ ਪਿੰਡਾਂ ਵਿੱਚ ਸਿੱਖਿਆ ਵਿਭਾਗ ਦੀਆਂ ਪ੍ਰਾਪਤੀਆਂ ਬਾਰੇ ਲੋਕਾਂ ਨੂੰ ਦੱਸੇਗੀ ਅਤੇ ਲੋਕਾਂ ਨੂੰ ਆਪਣੇ ਬੱਚੇ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ ਲਈ ਪ੍ਰੇਰਿਤ ਕਰੇਗੀ।

# ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਨਾਲ ਬੀ ਜੇ ਪੀ ਸੀਨੀਅਰ ਆਗੂ ਵਿਜੇ ਭਾਟੀਆ ਸੰਡਰੇਵਾਲ ਨੇ ਦੀ ਮੁਲਾਕਾਤ




**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )**–ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਅੱਜ ਬੀ ਜੇ ਪੀ ਦੇ ਸੀਨੀਅਰ ਆਗੂ ਵਿਜੇ ਭਾਟੀਆ ਸੰਡਰੇਵਾਲ ਵਲੋਂ ਇੱਕ ਵਿਸ਼ੇਸ਼ ਮੁਲਾਕਾਤ ਕੀਤੀ ਗਈ । ਜ਼ਿਲ੍ਹਾ ਪ੍ਰੀਸ਼ਦ ਚੋਣਾਂ ਤੋਂ ਬਾਅਦ ਹੋਈ ਇਸ ਪਹਿਲੀ ਰਸਮੀ ਮੁਲਾਕਾਤ ਦੌਰਾਨ ਸਿਆਸੀ ਗਤੀਵਿਧੀਆਂ ਅਤੇ ਜਥੇਬੰਦਕ ਮਜ਼ਬੂਤੀ ਬਾਰੇ ਡੂੰਘਾਈ ਨਾਲ ਚਰਚਾ ਕੀਤੀ ਗਈ। ਮੁਲਾਕਾਤ ਦੌਰਾਨ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਪੰਜਾਬ ਵਿਚ ਪਾਰਟੀ ਦੀਆਂ ਮੌਜੂਦਾ ਗਤੀਵਿਧੀਆਂ ਦੀ ਜਾਣਕਾਰੀ ਲਈ। ਉਨ੍ਹਾਂ ਪਾਰਟੀ ਦੇ ਵਰਕਰਾਂ ਦੀ ਮਿਹਨਤ ਅਤੇ ਹੌਸਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵਰਕਰ ਹੀ ਸੰਗਠਨ ਦੀ ਅਸਲ ਤਾਕਤ ਹੁੰਦੇ ਹਨ। ਮੁੱਖ ਮੰਤਰੀ ਨੇ ਪੰਜਾਬ ਦੀ ਟੀਮ ਨੂੰ ਪ੍ਰੇਰਿਤ ਕਰਦਿਆਂ ਇੱਕ ਵੱਡਾ ਟੀਚਾ ਦਿੱਤਾ। ਉਨ੍ਹਾਂ ਕਿਹਾ ਕਿ ਸਾਲ 2027 ਵਿੱਚ ਪੰਜਾਬ ਅੰਦਰ ਬੀ ਜੇ ਪੀ ਦੀ ਸਰਕਾਰ ਬਣਾਉਣ ਲਈ ਹੁਣ ਤੋਂ ਹੀ ਦਿਨ-ਰਾਤ ਮਿਹਨਤ ਕਰਨ ਦੀ ਲੋੜ ਹੈ। ਉਨ੍ਹਾਂ ਨੇ ਸਮੂਹ ਆਗੂਆਂ ਅਤੇ ਵਰਕਰਾਂ ਨੂੰ ਪਾਰਟੀ ਦੇ ਪ੍ਰਚਾਰ ਅਤੇ ਪਸਾਰ ਵਿੱਚ ਜੁੱਟ ਜਾਣ ਦਾ ਸੱਦਾ ਦਿੱਤਾ। ਨਾਇਬ ਸੈਣੀ ਨੇ ਭਰੋਸਾ ਦਿੱਤਾ ਕਿ ਪੰਜਾਬ ਦੇ ਵਿਕਾਸ ਅਤੇ ਸੂਬੇ ਵਿਚ ਪਾਰਟੀ ਨੂੰ ਮਜ਼ਬੂਤ ਕਰਨ ਲਈ ਉਨ੍ਹਾਂ ਦਾ ਮਾਰਗਦਰਸ਼ਨ ਅਤੇ ਸਹਿਯੋਗ ਹਮੇਸ਼ਾ ਮਿਲਦਾ ਰਹੇਗਾ।

for more news visit:
www.samajweekly.com

# ਬਾਬਾ ਬੁੱਲੇ ਸ਼ਾਹ ਦੀ ਮਜ਼ਾਰ ਨੂੰ ਤੋੜਨ ਦੀ ਬੇਹੱਦ ਘਿਣਾਉਣੀ ਕਾਰਵਾਈ - ਜਮਹੂਰੀ ਫਰੰਟ

## 30 ਜਨਵਰੀ ਨੂੰ ਦੇਸ਼ਭਗਤ ਯਾਦਗਾਰ ਕਮੇਟੀ ਵੱਲੋਂ ਆਯੋਜਤ ਵਿਚਾਰ-ਚਰਚਾ ਵਿਚ ਹੁਮ-ਹੁਮਾਕੇ ਪਹੁੰਚਣ ਦੀ ਅਪੀਲ

**ਜਲੰਧਰ (ਸਤਨਾਮ ਸਿੰਘ ਸਹੂੰਗੜਾ)** ਅੱਜ ਇੱਥੇ ਪ੍ਰੈੱਸ ਬਿਆਨ ਜਾਰੀ ਕਰਕੇ ਓਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਦੇ ਕਨਵੀਨਰਾਂ ਡਾ. ਪਰਮਿੰਦਰ, ਪ੍ਰੋਫੈਸਰ ਏ.ਕੇ.ਮਲੇਰੀ, ਬੂਟਾ ਸਿੰਘ ਮਹਿਮੂਦਪੁਰ ਅਤੇ ਯਸ਼ਪਾਲ ਨੇ ਹਿੰਦੂ ਧਰਮ ਦੇ ਆਪੇ ਬਣੇ ਰਖਵਾਲਿਆਂ ਵੱਲੋਂ ਉੱਤਰਾਖੰਡ ਦੇ ਮਸੂਰੀ ਵਿੱਚ ਬਾਬਾ ਬੁੱਲੇ ਸ਼ਾਹ ਦੀ 100 ਸਾਲ ਤੋਂ ਵੱਧ ਪੁਰਾਣੀ ਮਜ਼ਾਰ ਨੂੰ ਤੋੜਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਪ੍ਰਸਿੱਧ ਪੰਜਾਬੀ ਸੂਫ਼ੀ ਸੰਤ ਬਾਬਾ ਬੁੱਲੇਸ਼ਾਹ ਦੀ ਮਾਨਵਤਾਵਾਦੀ ਸ਼ਾਇਰੀ ਅਤੇ ਸਾਂਝੀਵਾਲਤਾ ਦੇ ਨਜ਼ਰੀਏ ਤੋਂ ਦਾਰਸ਼ਨਿਕ ਯੋਗਦਾਨ ਦਾ ਪੰਜਾਬ ਦੀ ਮਜ਼ਹਬੀ ਕੱਟੜਵਾਦ ਨੂੰ ਸਵਾਲ ਕਰਨ ਵਾਲੀ, ਧਰਮਨਿਰਪੱਖ, ਭਾਈਚਾਰਕ ਸਾਂਝ ਵਾਲੀ ਪਰੰਪਰਾ ਵਿਚ ਉੱਘਾ ਸਥਾਨ ਹੈ। ਮਜ਼ਹਬੀ ਕੱਟੜਪੰਥ, ਜਾਤੀ ਭੇਦਭਾਵ ਅਤੇ ਅੰਧਵਿਸ਼ਵਾਸ ਨੂੰ ਜ਼ੋਰਦਾਰ ਚੁਣੌਤੀ ਦਿੰਦੀਆਂ ਉਨ੍ਹਾਂ ਦੀਆਂ ਮਕਬੂਲ ਕਾਫ਼ੀਆਂ ਇਨਸਾਨੀਅਤ ਨਾਲ ਗੂੜ੍ਹੀ ਮੁਹੱਬਤ, ਆਤਮ-ਗਿਆਨ ਰਾਹੀਂ ਆਪਣੀ ਸ਼ਖ਼ਸੀਅਤ ਨੂੰ ਰੁਸ਼ਨਾਉਣ ਅਤੇ ਮਜ਼ਹਬੀ ਨਫਰਤ ਤੋਂ ਉੱਪਰ ਉੱਠਕੇ ਆਪਣੀ ਅਕੀਦਤ ਨਾਲ ਜੁੜਨ 'ਤੇ ਜ਼ੋਰ ਦਿੰਦੀਆਂ ਹਨ। ਬਾਬਾ ਬੁੱਲ੍ਹੇਸ਼ਾਹ ਵੱਲੋਂ ਰਚਿਤ ਉੱਚ ਪਾਏ ਦੀਆਂ ਮਾਨਵਤਾਵਾਦੀ ਕਾਵਿ-ਰਚਨਾਵਾਂ ਦੀ ਖ਼ੁਸ਼ਬੂ ਪੰਜਾਬ ਦੀ ਮਿੱਟੀ ਦੇ ਕਣ-ਕਣ ਵਿਚ ਰਚੀ ਹੋਈ ਹੈ। ਆਪਣੀ ਇਸੇ ਮਾਨਵਤਾਵਾਦੀ ਖ਼ੂਬੀ ਕਾਰਨ ਇਹ ਮਜ਼ਹਬੀ ਕੱਟੜਪੰਥੀਆਂ ਨੂੰ ਹਜ਼ਮ ਨਹੀਂ ਹੁੰਦੀਆਂ ਅਤੇ ਉਹ 100 ਸਾਲ ਪਹਿਲਾਂ ਬਣੀ ਹੋਈ ਮਜ਼ਾਰ ਦੀ ਹੋਂਦ ਤੋਂ ਵੀ



ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। 'ਹਿੰਦੂ ਰੱਖਿਆ ਦਲ' ਵਰਗੇ ਹਿੰਦੂ ਧਰਮ ਦੇ ਆਪੇ ਬਣੇ ਰਖਵਾਲਿਆਂ ਵੱਲੋਂ ਸਾਂਝੀ ਧਰਮਨਿਰਪੱਖ ਵਿਰਾਸਤ ਨੂੰ ਇਹ ਝੂਠ ਪ੍ਰਚਾਰਕੇ ਨਕਾਰਨਾ ਕਿ ਜਿਸਦੀ ਕਬਰ ਪਾਕਿਸਤਾਨ ਵਿਚ ਹੈ। ਉਸ ਦੀ ਮਜ਼ਾਰ ਇੱਥੇ 'ਦੇਵਭੂਮੀ' ਉੱਪਰ ਨਹੀਂ ਚੱਲੇਗੀ, ਦੱਸਦਾ ਹੈ ਫਿਰਕੂ ਤਾਕਤਾਂ ਲਈ ਮਹਾਨ ਦਾਰਸ਼ਨਿਕ ਬਾਬਾ ਬੁੱਲ੍ਹੇ ਸ਼ਾਹ ਸਿਰਫ਼ ਮੁਸਲਮਾਨ ਹੈ ਅਤੇ ਉਹ ਸਮੁੱਚੀ ਮਹਾਨ ਵਿਰਾਸਤ ਨੂੰ ਪਰਾਈ ਧਰਤੀ ਨਾਲ ਸੰਬੰਧਤ ਕਰਾਰ ਦੇ ਕੇ ਖ਼ਤਮ ਕਰਨਾ ਚਾਹੁੰਦੇ ਹਨ। ਅਗਾਊਂ ਐਲਾਨ ਕਰਕੇ ਫਿਰਕੂ ਗੁੰਡਿਆਂ ਵੱਲੋਂ ਮਜ਼ਾਰ ਨੂੰ ਤੋੜਨਾ, ਪੁਲਿਸ ਵੱਲੋਂ ਇਸਦਾ ਕੋਈ ਨੋਟਿਸ ਨਾ ਲੈਣਾ ਅਤੇ ਸਪਸ਼ਟ ਸ਼ਨਾਖ਼ਤ ਹੋਣ ਦੇ ਬਾਵਜੂਦ ਦੋਸ਼ੀਆਂ ਨੂੰ ਗ੍ਰਿਫ਼ਤਾਰ ਨਾ ਕਰਨ ਤੋਂ ਪੁਲਿਸ-ਪ੍ਰਸ਼ਾਸਨ ਦੀ ਮਿਲੀਭੁਗਤ ਸਪੱਸ਼ਟ ਹੈ। ਮਜ਼ਾਰ ਨੂੰ ਤੋੜੇ ਜਾਣ ਦਾ ਵੀਡੀਓ ਕਲਿੱਪ ਬਣਾ ਕੇ ਸੋਸ਼ਲ ਮੀਡੀਆ ਉੱਪਰ ਸ਼ੇਅਰ ਕਰਨ ਤੋਂ ਸਪਸ਼ਟ ਹੈ ਕਿ ਰਾਜ-ਮਸ਼ੀਨਰੀ ਦੇ ਫਿਰਕੂਕਰਨ ਅਤੇ ਅਜਿਹੀਆਂ ਮਾਨਵਤਾ ਵਿਰੋਧੀ ਵਾਰਦਾਤਾਂ ਨੂੰ ਰਾਜਕੀ ਤੇ ਰਾਜਨੀਤਕ ਸਰਪ੍ਰਸਤੀ ਕਾਰਨ ਅਜਿਹੇ ਅਨਸਰਾਂ ਦੇ ਹੌਸਲੇ ਕਿੰਨੇ ਵਧ ਚੁੱਕੇ ਹਨ। ਬੁੱਲ੍ਹੇ ਸ਼ਾਹ ਦੀ ਮਜ਼ਾਰ ਨੂੰ ਤੋੜਨ ਦੇ ਦੋਸ਼ੀ ਸਿਰਫ਼ ਫਿਰਕੂ ਹਜੂਮ ਨਹੀਂ। ਮੁੱਖ ਦੋਸ਼ੀ ਨਫਰਤੀ ਭਾਸ਼ਣਾਂ ਲਈ ਬਦਨਾਮ ਮੁੱਖ ਮੰਤਰੀ ਧਾਮੀ ਹੈ ਜਿਸਨੇ ਲਗਾਤਾਰ ਭੜਕਾਊ ਭਾਸ਼ਣ ਦੇ ਕੇ ਇਹ ਜ਼ਹਿਰੀਲਾ ਮਾਹੌਲ ਬਣਾਇਆ ਹੈ ਅਤੇ ਜਿਸਦੀ ਸਰਕਾਰ ਮੁਸਲਮਾਨ ਘੱਟਗਿਣਤੀ ਵਿਰੁੱਧ ਨਫਰਤ ਅਤੇ ਲਗਾਤਾਰ ਝੂਠੀ ਜਾਣਕਾਰੀ ਫੈਲਾ ਕੇ ਫਿਰਕੂ ਪਾਲਾਬੰਦੀ ਕਰ ਜਾ ਰਹੀ ਹੈ। ਫਰੰਟ ਨੇ ਆਗੂਆਂ ਨੇ ਸਮੂਹ ਧਰਮਨਿਰਪੱਖ, ਇਨਸਾਫਪਸੰਦ ਤਾਕਤਾਂ ਨੂੰ ਇਸ ਘਿਣਾਉਣੀ ਕਾਰਵਾਈ ਵਿਰੁੱਧ ਵਿਆਪਕ ਵਿਰੋਧ ਲਹਿਰ ਉਸਾਰਨ ਅਤੇ ਇਸ ਮੰਤਵ ਲਈ ਦੇਸ਼ਭਗਤ ਯਾਦਗਾਰ ਕਮੇਟੀ ਦੇ ਸੱਦੇ 'ਤੇ 30 ਜਨਵਰੀ ਨੂੰ ਦੇਸ਼ਭਗਤ ਯਾਦਗਾਰ ਹਾਲ ਜਲੰਧਰ ਵਿਖੇ ਕੀਤੀ ਜਾ ਰਹੀ ਵਿਚਾਰ-ਚਰਚਾ ਵਿਚ ਹੁਮ-ਹੁਮਾਕੇ ਪਹੁੰਚਣ ਦੀ ਅਪੀਲ ਕੀਤੀ ਹੈ।




# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਹਾਕੂਵਾਲਾ ਵਿਖੇ ਸੜਕ ਸੁਰੱਖਿਆ ਗਤੀਵਿਧੀਆਂ ਦੇ ਤਹਿਤ ਵਿਦਿਆਰਥੀਆਂ ਨੂੰ ਸਹੁੰ ਚੁਕਾਈ ਗਈ

**ਲੰਬੀ (ਜਸਵਿੰਦਰ ਪਾਲ ਸ਼ਰਮਾ)** ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਸਾਰੇ ਸਕੂਲਾਂ ਵਿੱਚ 1 ਜਨਵਰੀ ਤੋਂ 31 ਜਨਵਰੀ, 2026 ਤੱਕ ਮਾਨਯੋਗ ਡਿਪਟੀ ਕਮਿਸ਼ਨਰ, ਸ਼੍ਰੀ ਅਭਿਜੀਤ ਕਪਲਿਸ਼ ਦੀ ਅਗਵਾਈ ਹੇਠ ਇੱਕ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਇਹ ਜ਼ਿਲ੍ਹਾ ਸਿੱਖਿਆ ਅਫ਼ਸਰ, ਸ਼੍ਰੀ ਜਸਪਾਲ ਮੋਂਗਾ ਦੀ ਯੋਗ ਅਗਵਾਈ ਹੇਠ ਚਲਾਈ ਜਾ ਰਹੀ ਹੈ। ਇਸ ਮੁਹਿੰਮ ਦੇ ਹਿੱਸੇ ਵਜੋਂ, ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਹਾਕੂਵਾਲਾ ਦੇ ਵਿਦਿਆਰਥੀਆਂ ਲਈ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ ਅਤੇ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਗਈਆਂ। ਇਹ ਗਤੀਵਿਧੀਆਂ ਸਕੂਲ ਪ੍ਰਿੰਸੀਪਲ, ਸ਼੍ਰੀਮਤੀ ਰੇਨੂ ਬਾਲਾ ਦੀ ਦੇਖ-ਰੇਖ ਹੇਠ ਆਯੋਜਿਤ ਕੀਤੀਆਂ ਗਈਆਂ। ਪ੍ਰੋਗਰਾਮ ਦੌਰਾਨ, ਵਿਦਿਆਰਥੀਆਂ ਨੂੰ ਸੜਕ ਸੁਰੱਖਿਆ ਦੇ ਮੁੱਢਲੇ ਨਿਯਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਉਨ੍ਹਾਂ ਨੂੰ ਹੈਲਮੇਟ ਅਤੇ ਸੀਟ ਬੈਲਟ ਦੀ ਮਹੱਤਤਾ, ਟ੍ਰੈਫਿਕ ਸਿਗਨਲਾਂ ਦੀ ਪਾਲਣਾ, ਤੇਜ਼ ਰਫ਼ਤਾਰ ਤੋਂ ਬਚਣਾ, ਮੋਬਾਈਲ ਫੋਨ ਦੀ ਵਰਤੋਂ ਤੋਂ ਬਚਣਾ ਅਤੇ ਨਸ਼ਿਆਂ ਦੇ ਪ੍ਰਭਾਵ ਹੇਠ ਗੱਡੀ ਚਲਾਉਣ



ਤੋਂ ਬਚਣਾ ਵਰਗੇ ਮਹੱਤਵਪੂਰਨ ਮੁੱਦਿਆਂ ਬਾਰੇ ਜਾਗਰੂਕ ਕੀਤਾ ਗਿਆ। ਹਿੰਦੀ ਅਧਿਆਪਿਕਾ ਰੁਪਿੰਦਰ ਰਾਣੀ ਨੇ ਕਿਹਾ ਕਿ ਸੜਕ ਹਾਦਸਿਆਂ ਦਾ ਮੁੱਖ ਕਾਰਨ ਟ੍ਰੈਫਿਕ ਨਿਯਮਾਂ ਦੀ ਅਣਦੇਖੀ ਹੈ। ਜੇਕਰ ਹਰ ਨਾਗਰਿਕ ਆਪਣੀ ਜ਼ਿੰਮੇਵਾਰੀ ਸਮਝਦਾ ਹੈ ਅਤੇ ਨਿਯਮਾਂ ਦੀ ਪਾਲਣਾ ਕਰਦਾ ਹੈ, ਤਾਂ ਬਹੁਤ ਸਾਰੀਆਂ ਕੀਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਵਿਦਿਆਰਥੀਆਂ ਨੂੰ ਇਹ ਵੀ ਅਪੀਲ ਕੀਤੀ ਗਈ ਕਿ ਉਹ ਨਾ ਸਿਰਫ਼ ਆਪਣੇ ਆਪ ਨੂੰ, ਸਗੋਂ ਆਪਣੇ ਪਰਿਵਾਰਕ ਮੈਂਬਰਾਂ ਅਤੇ ਅਜ਼ੀਜ਼ਾਂ ਨੂੰ ਵੀ ਸੜਕ ਸੁਰੱਖਿਆ ਬਾਰੇ ਜਾਗਰੂਕ ਕਰਨ। ਸਕੂਲ ਪ੍ਰਿੰਸੀਪਲ ਸ਼੍ਰੀਮਤੀ ਰੇਨੂ ਬਾਲਾ ਜੀ ਨੇ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਸੜਕ ਸੁਰੱਖਿਆ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਅੱਜ ਇੱਕ ਜ਼ਰੂਰੀ ਲੋੜ ਹੈ। ਸਕੂਲ ਪੱਧਰ 'ਤੇ ਅਜਿਹੇ ਪ੍ਰੋਗਰਾਮ ਵਿਦਿਆਰਥੀਆਂ ਨੂੰ ਜ਼ਿੰਮੇਵਾਰ ਨਾਗਰਿਕ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਅੰਤ ਵਿੱਚ, ਵਿਦਿਆਰਥੀਆਂ ਨੂੰ ਸਹੁੰ ਚੁਕਾਈ ਗਈ ਅਤੇ ਸੜਕ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਨ ਅਤੇ ਦੂਜਿਆਂ ਨੂੰ ਵੀ ਅਜਿਹਾ ਕਰਨ ਲਈ ਪ੍ਰੇਰਿਤ ਕਰਨ ਦਾ ਪ੍ਰਣ ਲਿਆ ਗਿਆ। ਸਕੂਲ ਸਟਾਫ਼ ਨੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਦੀਆਂ ਜਾਗਰੂਕਤਾ ਮੁਹਿੰਮਾਂ ਨੂੰ ਯਕੀਨੀ ਬਣਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਗਤੀਵਿਧੀਆਂ ਜਾਰੀ ਰੱਖਣ ਦੀ ਅਪੀਲ ਕੀਤੀ।

# ਜ਼ਬਰਦਸਤੀ ਵਸੂਲੀ ਮਾਮਲਿਆਂ ਖ਼ਿਲਾਫ਼ ਕਾਰਵਾਈ ਲਈ ਸਰੀ ਵਿੱਚ 20 ਹੋਰ ਆਰਸੀਐਮਪੀ ਅਧਿਕਾਰੀ ਤਾਇਨਾਤ ਕੀਤੇ ਜਾਣਗੇ

**ਵੈਨਕੂਵਰ, (ਮਲਕੀਤ ਸਿੰਘ)** – ਕੈਨੇਡਾ ਦੇ ਸਰੀ ਸ਼ਹਿਰ ਵਿੱਚ ਵਧ ਰਹੇ ਜਬਰਦਸਤੀ ਵਸੂਲੀ ਦੇ ਮਾਮਲਿਆਂ ਨੂੰ ਕਾਬੂ ਕਰਨ ਲਈ ਫੈਡਰਲ ਸਰਕਾਰ ਵੱਲੋਂ 20 ਹੋਰ ਪੁਲਿਸ ਅਧਿਕਾਰੀ ਤਾਇਨਾਤ ਕੀਤੇ ਜਾਣਗੇ। ਸਰੀ ਦੀ ਮੇਅਰ ਬ੍ਰੈਂਡਾ ਲੌਕ ਨੇ ਦੱਸਿਆ ਹੈ ਕਿ ਕਨੇਡਾ ਦੀ ਰਾਜਧਾਨੀ ਓਟਾਵਾ ਵੱਲੋਂ ਸ਼ਹਿਰ ਨੂੰ ਵਾਧੂ ਪੁਲਿਸ ਸਰੋਤ ਮੁਹੱਈਆ ਕਰਵਾਉਣ ਬਾਰੇ ਸੂਚਿਤ ਕੀਤਾ ਗਿਆ ਹੈ। ਮੇਅਰ ਬ੍ਰੈਂਡਾ ਲੌਕ ਨੇ ਕਿਹਾ ਕਿ ਸ਼ਹਿਰ ਵਿੱਚ ਪਿਛਲੇ ਕੁਝ ਸਮੇਂ ਦੌਰਾਨ ਘਰਾਂ ਅਤੇ ਕਾਰੋਬਾਰਾਂ ਨੂੰ ਨਿਸ਼ਾਨਾ ਬਣਾਉਂਦੀਆਂ ਗੋਲਾਬਾਰੀ ਦੀਆਂ ਘਟਨਾਵਾਂ ਨਾਲ ਲੋਕਾਂ ਵਿੱਚ ਡਰ ਦਾ ਮਾਹੌਲ ਬਣਿਆ ਹੋਇਆ ਹੈ। ਅਜਿਹੇ ਵਿੱਚ ਵਾਧੂ ਪੁਲਿਸ ਫੋਰਸ ਦੀ ਤਾਇਨਾਤੀ ਨਾਲ ਜਬਰਦਸਤੀ ਵਸੂਲੀ ਕਰਨ ਵਾਲੇ ਗਿਰੋਹਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਵਿੱਚ ਮਦਦ ਮਿਲੇਗੀ। ਉਨ੍ਹਾਂ ਕਿਹਾ ਕਿ ਇਹ ਵਾਧੂ ਸਰੋਤ ਪੁਲਿਸ ਦੀਆਂ ਜਾਂਚਾਂ ਨੂੰ ਮਜ਼ਬੂਤ ਕਰਨ ਦੇ ਨਾਲ ਨਾਲ ਲੋਕਾਂ ਵਿੱਚ ਸੁਰੱਖਿਆ ਦੀ ਭਾਵਨਾ ਪੈਦਾ ਕਰਨਗੇ। ਮੇਅਰ ਨੇ ਜ਼ੋਰ ਦੇ ਕੇ ਕਿਹਾ ਕਿ ਸ਼ਹਿਰ ਪ੍ਰਸ਼ਾਸਨ ਵੱਲੋਂ ਪੁਲਿਸ ਅਤੇ ਹੋਰ ਸੁਰੱਖਿਆ ਏਜੰਸੀਆਂ ਨਾਲ ਮਿਲ ਕੇ ਅਪਰਾਧੀਆਂ ਖ਼ਿਲਾਫ਼ ਪੂਰੀ ਤਾਕਤ ਨਾਲ ਮੁਕਾਬਲਾ ਕੀਤਾ ਜਾਵੇਗਾ। ਸੂਬੇ ਦੇ ਪ੍ਰੀਮੀਅਰ ਵੱਲੋਂ ਜਬਰਦਸਤੀ ਵਸੂਲੀ ਦੇ ਮਾਮਲਿਆਂ ਸਬੰਧੀ ਵੱਖ-ਵੱਖ ਸੂਬਿਆਂ ਦੇ ਅਧਿਕਾਰੀਆਂ ਦੀ ਮੀਟਿੰਗ ਬੁਲਾਉਣ ਦੇ ਐਲਾਨ ਤੋਂ ਬਾਅਦ ਇਹ ਫੈਸਲਾ ਲਿਆ ਗਿਆ ਹੈ। ਸਰਕਾਰ ਦਾ ਮਕਸਦ ਅਪਰਾਧੀ ਨੈੱਟਵਰਕਾਂ ਨੂੰ ਤੋੜਨਾ ਅਤੇ ਆਮ ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਯਕੀਨੀ ਬਣਾਉਣਾ ਹੈ।

# ਸਤਿਗੁਰੂ ਸੰਤ ਨਿਰੰਜਨ ਦਾਸ ਜੀ ਸਾਡੇ ਸਾਰਿਆਂ ਦੇ ਆਦਰਸ਼ ਹਨ : ਢੋਸੀਵਾਲ



**ਮੀਟਿੰਗ ਦੌਰਾਨ ਟਰੱਸਟ ਚੇਅਰਮੈਨ ਢੋਸੀਵਾਲ, ਜਿਲ੍ਹਾ ਪ੍ਰਧਾਨ ਭਾਰਤੀ ਅਤੇ ਮੌਜੂਦ ਹੋਰ ਮੈਂਬਰ।**

**ਸ੍ਰੀ ਮੁਕਤਸਰ ਸਾਹਿਬ (ਸ਼ਿਵਨਾਥ)** ਵਿਸ਼ਵ ਪ੍ਰਸਿੱਧ ਅਧਿਆਤਮਕ ਆਸਥਾ ਦੇ ਕੇਂਦਰ ਡੇਰਾ ਸੱਚ ਖੰਡ ਬੱਲਾਂ (ਜਲੰਧਰ) ਦੇ ਗੱਦੀ ਨਸ਼ੀਨ ਸੰਤ ਨਿਰੰਜਨ ਦਾਸ ਜੀ ਮਹਾਰਾਜ ਨੇ ਆਪਣਾ ਸਾਰਾ ਜੀਵਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੀਆਂ ਸਿੱਖਿਆਵਾਂ ਨੂੰ ਦੇਸ਼ ਵਿਦੇਸ਼ ਵਿੱਚ ਪ੍ਰਚਾਰਨ ਅਤੇ ਪ੍ਰਸਾਰਨ ਲਈ ਸਮਰਪਿਤ ਕੀਤਾ ਹੋਇਆ ਹੈ। ਇਨ੍ਹਾਂ ਦੀ ਅਗਵਾਈ ਹੇਠ ਰਵਿਦਾਸੀਆ ਧਰਮ ਨੇ ਸਮੁੱਚੇ ਸੰਸਾਰ ਵਿੱਚ ਆਪਣੀ ਵਿਲੱਖਣ ਪਛਾਣ ਬਣਾਈ ਹੈ। ਡੇਰਾ ਸੱਚ ਖੰਡ ਬੱਲਾਂ ਅਧਿਆਤਮਕ ਪ੍ਰਚਾਰ ਦੇ ਨਾਲ-ਨਾਲ ਸਮਾਜ ਸੇਵਾ ਦੇ ਕਾਰਜਾਂ ਵਿੱਚ ਵੀ ਵਡਮੁੱਲਾ ਯੋਗਦਾਨ ਪਾਉਂਦਾ ਹੈ। ਡੇਰੇ ਵੱਲੋਂ ਕਈ ਹਸਪਤਾਲ ਅਤੇ ਸਕੂਲ ਚਲਾ ਕੇ ਮਾਨਵਤਾ ਦੀ ਸੇਵਾ ਕੀਤੀ ਜਾ ਰਹੀ ਹੈ। ਸੰਤ ਨਿਰੰਜਨ ਦਾਸ ਜੀ ਮਹਾਰਾਜ ਦੀ ਸਮਾਜ ਨੂੰ ਬੇ-ਮਿਸਾਲ ਦੇਣ ਸਦਕਾ ਭਾਰਤ ਸਰਕਾਰ ਨੇ ਇਨ੍ਹਾਂ ਨੂੰ 'ਪਦਮ ਸ੍ਰੀ' ਦੇ ਮਾਣਮੱਤੇ ਨਾਗਰਿਕ ਅਵਾਰਡ ਨਾਲ ਨਿਵਾਜਿਆ ਹੈ। ਸੰਤਾਂ ਨੂੰ ਇਹ ਅਵਾਰਡ ਮਿਲਣ 'ਤੇ ਸਮੁੱਚੇ ਸਮਾਜ ਵੱਲੋਂ ਖੁਸ਼ੀਆਂ ਮਨਾਈਆਂ ਜਾ ਰਹੀਆਂ ਹਨ। ਇਸੇ ਤਰ੍ਹਾਂ ਐਲ.ਬੀ.ਸੀ.ਟੀ. (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਦੀ ਜਿਲ੍ਹਾ ਇਕਾਈ ਵੱਲੋਂ ਅੱਜ ਸਥਾਨਕ ਜੈਸਮੀਨ ਹੋਟਲ ਵਿਖੇ ਸੰਸਥਾ ਦੇ ਬਾਨੀ ਚੇਅਰਮੈਨ ਜਗਦੀਸ਼ ਰਾਏ ਢੋਸੀਵਾਲ ਮੁਕਤਸਰ ਅਤੇ ਜਿਲ੍ਹਾ ਪ੍ਰਧਾਨ ਜਗਦੀਸ਼ ਰਾਜ ਭਾਰਤੀ ਦੀ ਸਾਂਝੀ ਅਗਵਾਈ ਹੇਠ ਵਿਸ਼ੇਸ਼ ਮੀਟਿੰਗ ਆਯੋਜਿਤ ਕੀਤੀ ਗਈ। ਮੀਟਿੰਗ ਵਿੱਚ ਟਰੱਸਟ ਦੇ ਜਿਲ੍ਹਾ ਚੇਅਰਮੈਨ ਪ੍ਰਿੰ. ਕ੍ਰਿਸ਼ਨ ਲਾਲ ਬਕੌਲੀਆ, ਉਪ ਪ੍ਰਧਾਨ ਮਨਜੀਤ ਖਿੱਚੀ, ਸਮੇਤ ਸੀਨੀਅਰ ਮੈਂਬਰ ਸ੍ਰੀ ਅਤੇ ਗੋਬਿੰਦ ਕੁਮਾਰ ,ਡਾ: ਸੋਹਨ ਲਾਲ,ਡਾ: ਹਰਪਾਲ ਸਿੰਘ,ਜੀਤ ਸਿੰਘ ਸੰਧੂ, ਸ਼ਿਵ ਨਾਥ ਦਰਦੀ, ਡੀ.ਐੱਸ.ਪੀ. ਸਰਬਰਿੰਦਰ ਸਿੰਘ ਬੇਦੀ, ਐਡਵੋਕੇਟ ਪ੍ਰਦੀਪ ਸਿੰਘ ਅਟਵਾਲ, ਰਣਜੀਤ ਸਿੰਘ , ਕਾਮਰੇਡ ਵੀਰ ਸਿੰਘ,ਬਲਕਾਰ ਸਿੰਘ ਸਹੋਤਾ,ਸ਼ਾਂਤੀ ਦੇਵੀ ਸੁਪਰਡੈਂਟ ਗ੍ਰੇਡ-1,ਪ੍ਰੇਮ ਲਤਾ ਖਿੱਚੀ,ਮਮਤਾ,ਰੁਬਾਇਤ,ਕੀਰ ਤ ਕੁਮਾਰ ਅਤੇ ਨਰਿੰਦਰ ਕਾਕਾ ਆਦਿ ਸਮੇਤ ਕਈ ਹੋਰ ਮੈਂਬਰ ਮੌਜੂਦ ਸਨ। ਮੀਟਿੰਗ ਦੌਰਾਨ ਸਮੂਹ ਮੈਂਬਰਾਂ ਨੇ ਪਦਮ ਸ੍ਰੀ ਦਾ ਅਵਾਰਡ ਮਿਲਣ 'ਤੇ ਸੰਤ ਨਿਰੰਜਨ ਦਾਸ ਜੀ ਮਹਾਰਾਜ ਨੂੰ ਵਧਾਈ ਦਿੱਤੀ। ਇਸ ਮੌਕੇ ਆਪਣੇ ਸੰਬੋਧਨ ਵਿੱਚ ਸ੍ਰੀ ਢੋਸੀਵਾਲ ਨੇ ਕਿਹਾ ਕਿ ਸੰਤ ਨਿਰੰਜਨ ਦਾਸ ਜੀ ਸਮੁੱਚੇ ਸਮਾਜ ਦੇ ਮਾਰਗ ਦਰਸ਼ਕ ਅਤੇ ਆਦਰਸ਼ ਹਨ। ਉਹ ਸਮਾਜਿਕ ਬਰਾਬਰੀ, ਆਪਸੀ ਪ੍ਰੇਮ, ਭਾਈਚਾਰੇ ਅਤੇ ਮਿਲਵਰਤਨ ਦੇ ਅਲੰਬਰਦਾਰ ਹਨ। ਸਾਨੂੰ ਸਾਰਿਆਂ ਨੂੰ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਅਮਲ ਕਰਨਾ ਚਾਹੀਦਾ ਹੈ। ਇਸ ਮੌਕੇ ਆਪਣੇ ਸੰਬੋਧਨ ਵਿੱਚ ਜਿਲ੍ਹਾ ਪ੍ਰਧਾਨ ਸ੍ਰੀ ਭਾਰਤੀ ਨੇ ਕਿਹਾ ਕਿ ਸੰਤਾਂ ਨੂੰ ਪਦਮ ਸ੍ਰੀ ਦਾ ਅਵਾਰਡ ਮਿਲਣਾ ਸਾਡੇ ਸਾਰਿਆਂ ਲਈ ਬੇਹੱਦ ਖੁਸ਼ੀ ਅਤੇ ਮਾਣ ਵਾਲੀ ਗੱਲ ਹੈ। ਮੀਟਿੰਗ ਦੌਰਾਨ ਹੋਰਨਾਂ ਬੁਲਾਰਿਆਂ ਨੇ ਵੀ ਉਕਤ ਅਵਾਰਡ ਮਿਲਣ 'ਤੇ ਸੰਤਾ ਨਿਰੰਜਨ ਦਾਸ ਜੀ ਮਹਾਰਾਜ ਨੂੰ ਵਧਾਈ ਦਿੱਤੀ। ਜਾਣਕਾਰੀ ਦਿੰਦੇ ਹੋਏ ਸ੍ਰੀ ਢੋਸੀਵਾਲ ਨੇ ਦੱਸਿਆ ਹੈ ਕਿ ਮੀਟਿੰਗ ਦੌਰਾਨ ਸੰਤ ਨਿਰੰਜਨ ਦਾਸ ਜੀ ਮਹਾਰਾਜ ਦਾ ਪਵਿੱਤਰ ਸਰੂਪ ਸੁਸ਼ੋਭਿਤ ਸੀ, ਜਿਸਨੂੰ ਮੌਜੂਦ ਸਾਰੇ ਮੈਂਬਰਾਂ ਨੇ ਸੀਸ ਝੁਕਾ ਕੇ ਸਿਜਦਾ ਕੀਤਾ ਅਤੇ ਉਨ੍ਹਾਂ ਦੀ ਲੰਮੀ ਉਮਰ, ਚੰਗੀ ਸਿਹਤ ਅਤੇ ਚੜ੍ਹਦੀ ਕਲਾ ਦੀ ਕਾਮਨਾ ਕੀਤੀ।

# ਸਰੀ ਗੋਲੀਕਾਂਡ ਮਾਮਲਾ: ਪੁਲਿਸ ਵੱਲੋਂ ਦੋ ਨੌਜਵਾਨਾਂ ਦੀਆਂ ਤਸਵੀਰਾਂ ਜਾਰੀ

**ਵੈਨਕੂਵਰ (ਮਲਕੀਤ ਸਿੰਘ)** – ਬ੍ਰਿਟਿਸ਼ ਕੋਲੰਬੀਆ ਦੇ ਸਰੀ ਸ਼ਹਿਰ ਵਿੱਚ ਬੀਤੇ ਦਿਨੀ ਤੜਕੇ ਵਾਪਰੇ ਗੋਲੀਕਾਂਡ ਦੇ ਮਾਮਲੇ ਵਿੱਚ ਸਰੀ ਪੁਲਿਸ ਸੇਵਾ ਨੇ ਗ੍ਰਿਫਤਾਰ ਕੀਤੇ ਦੋ ਨੌਜਵਾਨਾਂ ਦੀਆਂ ਤਸਵੀਰਾਂ ਜਾਰੀ ਕੀਤੀਆਂ ਹਨ। ਪੁਲਿਸ ਦਾ ਕਹਿਣਾ ਹੈ ਕਿ ਇਹ ਤਸਵੀਰਾਂ ਜਨਤਾ ਤੋਂ ਜਾਣਕਾਰੀ ਪ੍ਰਾਪਤ ਕਰਨ ਦੇ ਮਕਸਦ ਨਾਲ ਜਾਰੀ ਕੀਤੀਆਂ ਗਈਆਂ ਹਨ। ਪੁਲਿਸ ਮੁਤਾਬਕ, ਇਸ ਮਾਮਲੇ ਵਿੱਚ 21 ਸਾਲਾ ਹੰਸਪ੍ਰੀਤ ਸਿੰਘ ਅਤੇ 20 ਸਾਲਾ ਹਰਸ਼ਦੀਪ ਸਿੰਘ ਨੂੰ ਦੋਸ਼ੀ ਠਹਿਰਾਇਆ ਗਿਆ ਹੈ। ਦੋਹਾਂ ਉੱਤੇ ਤੜਕੇ ਹੋਈ ਗੋਲੀਬਾਰੀ ਨਾਲ ਸੰਬੰਧਿਤ ਗੰਭੀਰ ਦੋਸ਼ ਲਗਾਏ ਗਏ ਹਨ। ਹਾਲਾਂਕਿ, ਜਾਂਚ ਕਰ ਰਹੀ ਟੀਮ ਨੇ ਸਪਸ਼ਟ ਕੀਤਾ ਹੈ ਕਿ ਇਸ ਘਟਨਾ ਨੂੰ ਹਾਲੇ ਤੱਕ ਜਬਰਦਸਤੀ ਵਸੂਲੀ ਦੇ ਮਾਮਲਿਆਂ ਨਾਲ ਨਹੀਂ ਜੋੜਿਆ ਗਿਆ।

ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਜਾਂਚ ਅਜੇ ਸ਼ੁਰੂਆਤੀ ਪੜਾਅ ਵਿੱਚ ਹੈ ਅਤੇ ਹਰ ਪੱਖੋਂ



**ਗੋਲੀਕਾਂਡ ਮਾਮਲੇ ਵਿੱਚ ਦੋਸ਼ੀ ਠਹਿਰਾਏ ਗਏ ਹੰਸਪ੍ਰੀਤ ਸਿੰਘ ਅਤੇ ਹਰਸ਼ਦੀਪ ਸਿੰਘ ਦੀਆਂ ਤਸਵੀਰਾਂ**

ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ। ਪੁਲਿਸ ਦਾ ਕਹਿਣਾ ਹੈ ਕਿ ਜਨਤਾ ਦੇ ਸਹਿਯੋਗ ਨਾਲ ਮਾਮਲੇ ਦੀ ਗਹਿਰਾਈ ਤੱਕ ਪਹੁੰਚਣ ਵਿੱਚ ਮਦਦ ਮਿਲ ਸਕਦੀ ਹੈ ਅਤੇ ਹੋਰ ਸੰਭਾਵਿਤ ਤੱਥ ਸਾਹਮਣੇ ਆ ਸਕਦੇ ਹਨ।

# ਨੰਬਰਦਾਰ ਯੂਨੀਅਨ ਦੇ ਵਿਹੜੇ ਰਾਣਾ ਗੁਰਜੀਤ ਸਿੰਘ ਨੇ ਠਾਠਾਂ ਮਾਰਦੇ ਇਕੱਠ 'ਚ ਲਹਿਰਾਇਆ ਦੇਸ਼ ਦਾ ਕੌਮੀ ਝੰਡਾ - ਜ਼ਿਲਾ ਪ੍ਰਧਾਨ ਅਸ਼ੋਕ ਸੰਧੂ

## ਲੋਕ ਆਪਣੀ ਵੋਟ ਦਾ ਇਸਤੇਮਾਲ ਵਿਕਾਸ ਕਰਨ ਵਾਲੇ ਉਮੀਦਵਾਰਾਂ ਨੂੰ ਦੇਣ ਨਾ ਕਿ ਲਾਲਚ ਦੇਣ ਵਾਲੇ ਅਖੌਤੀਆਂ ਨੂੰ – ਯੂਨੀਅਨ

**ਨੂਰਮਹਿਲ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ )** ਨੰਬਰਦਾਰ ਯੂਨੀਅਨ ਜ਼ਿਲਾ ਜਲੰਧਰ ਦਾ 31ਵਾਂ ਰਾਸ਼ਟਰੀ ਤਿਉਹਾਰ ਜਸ਼ਨ-ਏ-ਗਣਤੰਤਰ ਜ਼ਿਲ੍ਹਾ ਪ੍ਰਧਾਨ ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ ਅਤੇ ਸੀਨੀਅਰ ਮੀਤ ਪ੍ਰਧਾਨ ਸੂਬਾ ਪੰਜਾਬ ਦੀ ਪ੍ਰਧਾਨਗੀ ਹੇਠ ਬੜੇ ਹੀ ਚਾਵਾਂ-ਭਾਵਾਂ ਨਾਲ ਜ਼ਿਲਾ ਹੈੱਡ ਆਫਿਸ ਤਹਿਸੀਲ ਕੰਪਲੈਕਸ ਨੂਰਮਹਿਲ ਵਿਖੇ ਸੈਂਕੜੇ ਦੇਸ਼ ਭਗਤਾਂ ਦੀ ਮੌਜੂਦਗੀ ਵਿੱਚ ਸ਼ਾਨਦਾਰ ਤਰੀਕੇ ਮਨਾਇਆ। ਠਾਠਾਂ ਮਾਰਦੇ ਇਕੱਠ ਵਿੱਚ ਸ਼ਾਨ-ਏ-ਪੰਜਾਬ ਰਾਣਾ ਗੁਰਜੀਤ ਸਿੰਘ ਹਲਕਾ ਵਿਧਾਇਕ ਕਪੂਰਥਲਾ ਸਾਬਕਾ ਕੈਬਨਿਟ ਮੰਤਰੀ ਪੰਜਾਬ ਸਰਕਾਰ ਬਤੌਰ ਮੁੱਖ ਮਹਿਮਾਨ ਪਹੁੰਚੇ ਜਿਨ੍ਹਾਂ ਨੂੰ ਆਪਣੇ ਕਰ ਕਮਲਾਂ ਨਾਲ ਭਾਰਤ ਦੇਸ਼ ਦਾ ਕੌਮੀ ਝੰਡਾ ਲਹਿਰਾਉਣ ਦਾ ਸੁਭਾਗ ਪ੍ਰਾਪਤ ਹੋਇਆ। ਸਮਾਗਮ ਦੇ ਮਹਿਮਾਨ-ਏ-ਖਸੂਸੀ ਲਾਇਨ ਜੀ.ਐੱਸ ਭਾਟੀਆ ਫਸਟ ਵਾਈਸ ਗਵਰਨਰ ਜ਼ਿਲਾ 321-ਡੀ, ਡਾ. ਨਵਜੋਤ ਸਿੰਘ ਦਾਹੀਆ ਹਲਕਾ ਇੰਚਾਰਜ ਨਕੋਦਰ, ਨਗਰ ਕੌਂਸਲ ਪ੍ਰਧਾਨ ਸ਼੍ਰੀਮਤੀ ਹਰਦੀਪ ਕੌਰ ਜੌਹਲ, ਨੰਬਰਦਾਰ ਯੂਨੀਅਨ ਦੇ ਸੂਬਾ ਪ੍ਰਧਾਨ ਜਰਨੈਲ ਸਿੰਘ ਝਰਮੜੀ, ਸਰਪ੍ਰਸਤ ਬਲਜਿੰਦਰ ਸਿੰਘ ਕਿੱਲੀ, ਸਕੱਤਰ ਜਨਰਲ ਰਣ ਸਿੰਘ ਮਹਿਲਾਂ ਨੇ ਆਪਣੇ ਮਾਣਮੱਤੇ ਸਾਥੀਆਂ ਸਮੇਤ ਸ਼ਿਰਕਤ ਕੀਤੀ, ਜਿਨ੍ਹਾਂ ਦਾ ਲਾਇਨਜ਼ ਕਲੱਬ ਡ੍ਰੀਮ ਦੇ ਪ੍ਰਧਾਨ ਲਾਇਨ ਦਿਨਕਰ ਸੰਧੂ, ਜੈ ਸ਼ਿਵ ਸ਼ਕਤੀ ਸੇਵਾ ਮੰਡਲ ਨੂਰਮਹਿਲ ਦੀ ਮਹਿਲਾ ਪ੍ਰਧਾਨ ਲਾਇਨ ਬਬਿਤਾ ਸੰਧੂ, ਸਮਾਗਮ ਦੇ ਕੋਆਰਡੀਨੇਟਰ ਲਾਇਨ ਆਂਚਲ ਸੰਧੂ ਸੋਖਲ, ਈਵੈਂਟ ਡੈਕੋਰੇਟਰ ਲਾਇਨ ਸੋਮਿਨਾਂ ਸੰਧੂ ਅਤੇ ਜਸਪ੍ਰੀਤ ਕੌਰ ਸੰਧੂ ਨੇ ਭਰਵਾਂ ਸਵਾਗਤ ਕੀਤਾ। ਇਲਾਕੇ ਦੇ ਪੰਚਾਂ ਸਰਪੰਚਾਂ, ਸੰਮਤੀ ਮੈਂਬਰਾਂ, ਨਗਰ ਕੌਂਸਲਰਾਂ ਤੋਂ ਇਲਾਵਾ ਨੰਬਰਦਾਰ ਯੂਨੀਅਨ ਦੇ ਡਾਇਰੈਕਟਰ ਅਵਤਾਰ ਸਿੰਘ ਸ਼ਮਸ਼ਾਬਾਦ, ਚਰਨ ਸਿੰਘ ਰਾਜੋਵਾਲ ਸਮੇਤ ਹੋਰ ਪਤਵੰਤਿਆਂ ਨੇ ਜਯੋਤੀ ਪ੍ਰਚੰਡ ਕੀਤੀ ਅਤੇ ਪੰਡਾਲ ਵਿੱਚ ਹਾਜ਼ਰ ਸੈਂਕੜੇ ਦੇਸ਼ ਭਗਤਾਂ ਨੇ ਖੁਦ ਜੋਸ਼ੀਲੀ ਆਵਾਜ਼



**ਤਿਰੰਗਾ ਲਹਿਰਾਉਣ ਉਪਰੰਤ ਮੁੱਖ ਮਹਿਮਾਨ ਰਾਣਾ ਜੀ ਨੂੰ ਖੂਬਸੂਰਤ ਸਨਮਾਨ ਚਿੰਨ੍ਹ ਨਾਲ ਸਨਮਾਨਿਤ ਕਰਦੇ ਹੋਏ ਦੇਸ਼ ਪ੍ਰੇਮੀ।**

ਰਾਸ਼ਟਰ ਗਾਣ ਗਾ ਕੇ ਆਪਣੇ ਸੱਚੇ ਦੇਸ਼ ਭਗਤ ਹੋਣ ਦਾ ਪ੍ਰਮਾਣ ਦਿੱਤਾ। ਜੈ ਹਿੰਦ, ਭਾਰਤ ਮਾਤਾ ਦੀ ਜੈ, ਵੰਦੇ ਮਾਤਰਮ ਦੀ ਜੈ-ਘੋਸ਼ ਨਾਲ ਸਾਰਾ ਵਾਤਾਵਰਣ ਦੇਸ਼ ਭਾਵਨਾ ਵਿੱਚ ਲੀਨ ਹੋ ਗਿਆ। ਪੰਡਾਲ ਵਿੱਚ ਹਾਜ਼ਰ ਇੱਕ-ਇੱਕ ਦੇਸ਼ ਭਗਤ ਦੇ ਸੀਨਿਆਂ ਉੱਪਰ ਸਜੇ ਤਿਰੰਗੇ ਦੇਸ਼ ਭਗਤੀ ਦੇ ਸਮਾਗਮ ਨੂੰ ਚਾਰ ਚੰਨ ਲਗਾ ਰਹੇ ਸਨ। ਇਸ ਮੌਕੇ ਮੁੱਖ ਮਹਿਮਾਨ ਰਾਣਾ ਸਮੇਤ ਵਿਸ਼ੇਸ਼ ਮਹਿਮਾਨਾਂ ਨੇ ਸਮੂਹ ਦੇਸ਼ ਵਾਸੀਆਂ ਨੂੰ 77ਵੇਂ ਗਣਤੰਤਰ ਦਿਵਸ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਨੰਬਰਦਾਰ ਯੂਨੀਅਨ ਦੇ ਵਿਹੜੇ ਹਰ ਰਾਜਸੀ ਪਾਰਟੀ, ਧਾਰਮਿਕ ਅਤੇ ਸਮਾਜਿਕ ਆਗੂਆਂ ਦਾ ਵੱਡਾ ਇਕੱਠ ਕਿਸੇ ਹੋਰ ਜਗ੍ਹਾ 'ਤੇ ਦੇਖਣ ਨੂੰ ਨਹੀਂ ਮਿਲਦਾ। ਸਾਡੇ ਗੁਰੂਆਂ ਪੀਰਾਂ ਸ਼ਹੀਦਾਂ ਦਾ ਵੀ ਇਹੋ ਹੀ ਸਪਨਾ ਹੈ ਕਿ ਭਾਰਤ ਵੰਡੀਆਂ ਵਿੱਚ ਨਾ ਵੰਡ ਹੋਵੇ ਸਾਰੇ ਇੱਕ ਜੁੱਟ ਰਹਿਣ।

ਅਸ਼ੋਕ ਬਬਿਤਾ ਸੰਧੂ ਪੈਟਰੋਲੀਅਮ ਅਤੇ ਕਲੱਬ ਵੱਲੋਂ ਬਹੁਤ ਹੀ ਖੂਬਸੂਰਤ ਸਨਮਾਨ ਚਿੰਨ੍ਹ ਬਣਾਏ ਗਏ। ਵੱਖ-ਵੱਖ ਖੇਤਰਾਂ ਵਿੱਚ ਸੇਵਾ ਨਿਭਾਉਣ ਵਾਲੇ ਵਿਅਕਤੀ ਵਿਸ਼ੇਸ਼ ਨੂੰ ਮਾਣ ਵਤਨ ਦੇ, ਆਵਾਜ਼-ਏ-ਕਲਮ, ਭਗਤੀ ਪ੍ਰਸਾਰ ਅਵਾਰਡ, ਸੀਨੀਅਰ ਸਿਟੀਜਨ ਅਵਾਰਡ, ਵਾਇਸ ਆਫ ਪੰਜਾਬ, ਫ਼ਖਰ-ਏ-ਨੰਬਰਦਾਰ ਤੋਂ ਇਲਾਵਾ 10ਵੀਂ-12 ਵੀਂ ਦੇ ਬੱਚਿਆਂ ਨੂੰ ਮਾਂ ਸਰਸਵਤੀ ਅਵਾਰਡ ਨਾਲ ਨਵਾਜਕੇ 26-1-26 ਦੀ ਇਤਿਹਾਸਕ ਤਾਰੀਕ 'ਤੇ ਇੱਕ ਨਿਵੇਕਲੀ ਮਿਸਾਲ ਪੈਦਾ ਕੀਤੀ, ਜਿਸਦੀ ਪੰਡਾਲ ਵਿੱਚ ਬਹੁਤ ਸ਼ੋਭਾ ਹੋਈ। ਖਾਣ ਪਾਣ ਦੇ ਪ੍ਰਬੰਧ ਜੈ ਸ਼ਿਵ ਸ਼ਕਤੀ ਸੇਵਾ ਮੰਡਲ ਨੂਰਮਹਿਲ ਵੱਲੋਂ ਕੀਤੇ ਗਏ। ਥਾਣਾ ਮੁਖੀ ਇੰਸਪੈਕਟਰ ਪਲਵਿੰਦਰ ਸਿੰਘ ਵੱਲੋਂ ਨਿਯਮਾਂ ਅਨੁਸਾਰ ਕੌਮੀ ਝੰਡੇ ਨੂੰ ਸਲਾਮੀ ਦਿੱਤੀ ਗਈ। ਡੀ.ਐੱਸ.ਪੀ ਵਿਜੇ ਕੰਵਰ ਪਾਲ ਵੱਲੋਂ ਸੁਰੱਖਿਆ ਪ੍ਰਬੰਧਾਂ ਦੀ ਜ਼ਿੰਮੇਵਾਰੀ ਨਿਭਾਈ ਗਈ। ਡੀ.ਐੱਸ.ਪੀ ਨਕੋਦਰ ਓਂਕਾਰ ਸਿੰਘ ਬਰਾੜ ਨੇ ਸਮਾਗਮ ਦੀ ਸਫਲਤਾ ਲਈ ਪੂਰਾ ਸਹਿਯੋਗ ਕੀਤਾ। ਸਮਾਗਮ ਦੇ ਪ੍ਰਬੰਧਕ ਜ਼ਿਲਾ ਪ੍ਰਧਾਨ ਅਸ਼ੋਕ ਸੰਧੂ ਨੇ ਕਿਹਾ ਕਿ ਜੇਕਰ ਪੰਜਾਬ ਨੂੰ ਬਰਬਾਦ ਹੋਣ ਤੋਂ ਬਚਾਉਣਾ ਹੈ ਤਾਂ ਤੁਰੰਤ ਪ੍ਰਭਾਵ ਨਾਲ ਹਰ ਸਰਕਾਰੀ ਕੁਰਸੀ 'ਤੇ ਯੋਗਤਾ ਦੇ ਆਧਾਰ 'ਤੇ ਇਮਾਨਦਾਰ ਅਫਸਰ ਲਗਾਏ ਜਾਣ। ਸਿਫਾਰਸ਼ੀ ਅਤੇ ਕਰੱਪਟ ਕੁਰਸੀਧਾਰੀਆਂ ਨੂੰ ਨੁੱਕਰੇ ਲਗਾਇਆ ਜਾਵੇ। ਕਰੱਪਟ ਲੀਡਰਾਂ ਦੀ ਛਾਣ ਬੀਣ ਵੀ ਕੀਤੀ ਜਾਵੇ। ਉਹਨਾਂ ਹਲਕਾ ਵਿਧਾਇਕ ਮਾਨ ਨੂੰ ਕਿਹਾ ਕਿ ਤੁਰੰਤ ਪ੍ਰਭਾਵ ਨਾਲ ਨੂਰਮਹਿਲ ਦਾ ਅਧੂਰਾ ਸਰਕਾਰੀ ਸਕੂਲ ਮੁਕੰਮਲ ਕਰਵਾਕੇ ਸ਼ੋਭਾ ਖੱਟ ਲਵੇ ਨਹੀਂ ਤਾਂ ਸਕੂਲ ਨੂੰ ਨੰਬਰਦਾਰ ਬਣਾਉਣਗੇ ਅਤੇ ਇਹ ਨੇਕ ਕਾਰਜ ਨੰਬਰਦਾਰਾਂ ਦੀ ਸ਼ੋਭਾ ਬਣ ਜਾਵੇਗਾ। ਅਸ਼ੋਕ ਸੰਧੂ ਨੇ ਮੁੱਖ ਮਹਿਮਾਨਾਂ, ਹਰ ਇੱਕ ਦੇਸ਼ ਪ੍ਰੇਮੀ ਸਮੇਤ ਪੱਤਰਕਾਰ ਸਾਹਿਬਾਨਾਂ ਦਾ ਵੀ ਕੋਟਿ ਕੋਟਿ ਧੰਨਵਾਦ ਕੀਤਾ ਜਿਨ੍ਹਾਂ ਨੇ ਸਮਾਗਮ ਵਿੱਚ ਪਹੁੰਚਕੇ ਦੇਸ਼ ਪ੍ਰਤੀ ਆਪਣਾ ਫਰਜ਼ ਨਿਭਾਇਆ, ਸਮਾਗਮ ਦੀ ਸ਼ਾਨ ਬਣੇ।

# ਡੈਮੋਕਰੇਟਿਕ ਟੀਚਰਜ਼ ਫਰੰਟ ਵਿਸ਼ੇਸ਼ ਸੂਬਾਈ ਵਫਦ ਡੀ.ਪੀ.ਆਈ. ਸੈਕੰਡਰੀ ਪੰਜਾਬ ਨੂੰ ਮਿਲਿਆ

**ਕਪੂਰਥਲਾ, ( ਵਿਸ਼ੇਸ਼ ਪ੍ਰਤੀਨਿਧ)** - ਡੈਮੋਕਰੇਟਿਕ ਟੀਚਰਜ਼ ਫਰੰਟ ਪੰਜਾਬ ਦਾ ਇੱਕ ਵਿਸ਼ੇਸ਼ ਸੂਬਾਈ ਵਫਦ ਵਿਕਰਮਦੇਵ ਸਿੰਘ ਸੂਬਾ ਪ੍ਰਧਾਨ ਅਤੇ ਹਰਵਿੰਦਰ ਸਿੰਘ ਅੱਲੂਵਾਲ ਜ਼ਿਲਾ ਪ੍ਰਧਾਨ ਡੀ.ਟੀ.ਐਫ. ਕਪੂਰਥਲਾ ਦੀ ਅਗਵਾਈ ਹੇਠ ਅੱਜ ਡੀ.ਪੀ.ਆਈ. ਸੈਕੰਡਰੀ ਪੰਜਾਬ ਨੂੰ ਉਨਾਂ ਦੇ ਦਫਤਰ ਵਿੱਚ ਮਿਲਿਆ। ਵਫਦ ਨੇ ਮਿਲ ਕੇ ਸਰਕਾਰੀ ਹਾਈ ਸਕੂਲ ਅੰਮ੍ਰਿਤਪੁਰ ਰਾਜੇਵਾਲ ਜ਼ਿਲ੍ਹਾ ਕਪੂਰਥਲਾ ਦੇ ਸਕੂਲ ਮੁਖੀ ਵੱਲੋਂ ਗਣਿਤ ਅਧਿਆਪਕ ਸੁਰਿੰਦਰ ਸਿੰਘ ਦਾ ਕਥਿਤ ਤੌਰ 'ਤੇ ਗੈਰ-ਹਾਜ਼ਰੀ ਸਬੰਧੀ ਭੇਜੇ ਗਏ ਕੇਸ ਬਾਰੇ ਵਿਸਥਾਰ ਸਹਿਤ ਗੱਲਬਾਤ ਕੀਤੀ । ਆਗੂਆਂ ਮੌਕੇ ਤੇ ਹੀ ਗਣਿਤ ਅਧਿਆਪਕ ਸੁਰਿੰਦਰ ਸਿੰਘ ਦੀ ਸਕੂਲ ਵਿੱਚ ਹਾਜ਼ਰੀ ਸਬੰਧੀ ਕਾਗਜ਼ਾਤ ਡੀ.ਪੀ.ਆਈ. (ਸੈਕੰਡਰੀ) ਅੱਗੇ ਪੇਸ਼ ਕੀਤੇ। ਅਧਿਆਪਕ ਹਰ ਰੋਜ਼ ਸਕੂਲ ਵਿੱਚ ਜਾ ਰਿਹਾ ਹੈ ਅਤੇ ਬੱਚਿਆਂ ਨੂੰ ਪੜ੍ਹਾ ਰਿਹਾ ਹੈ, ਇਸ ਸਬੰਧੀ ਤਿੰਨੋਂ ਪਿੰਡਾਂ ਦੀਆਂ ਪੰਚਾਇਤਾਂ ਦੇ ਲਿਖਤੀ ਮਤੇ, ਸਕੂਲ ਮੈਨੇਜਮੈਂਟ ਕਮੇਟੀ ਦੇ ਮਤੇ, ਮਿਡ ਡੇ ਮੀਲ ਕੁੱਕ ਭੈਣਾਂ ਦੇ ਬਿਆਨ, ਸਾਬਕਾ ਸਰਪੰਚ ਅੰਮ੍ਰਿਤਪੁਰ ਦੇ ਬਿਆਨ, ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਦਾ ਲਿਖਤੀ ਬਿਆਨ, ਸਭ ਡਾਕੂਮੈਂਟਸ ਡੀ.ਪੀ.ਆਈ. ਸੈਕੰਡਰੀ ਦੇ ਸਾਹਮਣੇ ਪੇਸ਼ ਕੀਤੇ। ਡੀ.ਪੀ.ਆਈ. ਵੱਲੋਂ ਸਾਰੇ ਤੱਥਾਂ ਨੂੰ ਵਿਚਾਰਨ ਤੋਂ ਬਾਅਦ, ਮਾਮਲੇ ਦਾ ਗੰਭੀਰ ਨੋਟਿਸ ਲੈਂਦੇ ਹੋਏ ਅਧਿਆਪਕ ਨੂੰ ਪੈਂਡਿੰਗ ਇਨਕੁਆਰੀ ਤੇ ਤੁਰੰਤ ਸਕੂਲ ਹਾਜ਼ਰ ਹੋਣ ਦੇ ਆਰਡਰ ਜਾਰੀ ਕੀਤੇ। ਜਥੇਬੰਦੀ ਦੇ ਆਗੂਆਂ ਵੱਲੋਂ ਡੀ.ਪੀ.ਆਈ. ਸੈਕੰਡਰੀ ਪਾਸੋਂ ਮੰਗ ਕੀਤੀ ਗਈ ਕਿ ਅਧਿਆਪਕ ਸੁਰਿੰਦਰ ਸਿੰਘ ਨੂੰ ਕਥਿਤ ਤੌਰ ਤੇ ਜਾਣ-ਬੁਝ ਕੇ ਗੈਰ ਹਾਜ਼ਰ ਕਰਾਰ ਦੇ ਕੇ ਕੇਸ ਉੱਚ ਅਧਿਕਾਰੀਆਂ ਨੂੰ ਚੰਡੀਗੜ੍ਹ ਵਿਖੇ ਭੇਜਣਾ, ਅਧਿਆਪਕ ਦੀ ਤਨਖਾਹ ਘੱਟ ਕਢਵਾਉਣਾ, ਅਧਿਆਪਕ ਨੂੰ ਮਾਨਸਿਕ ਤੌਰ ਤੇ ਪ੍ਰੇਸ਼ਾਨ ਅਤੇ ਸਕੂਲ ਵਿੱਚ ਸਾਰਿਆਂ ਸਾਹਮਣੇ ਜ਼ਲੀਲ ਕਰਨਾ । ਇਸ ਸਾਰੇ ਮਸਲੇ ਦੀ ਨਿਰਪੱਖ ਜਾਂਚ ਪੜਤਾਲ ਕਰਵਾ ਕੇ ਦੋਸ਼ੀ ਅਧਿਕਾਰੀਆਂ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ । ਇਸ ਮੌਕੇ ਜਥੇਬੰਦੀ ਦੇ ਆਗੂਆਂ ਕਿਹਾ ਕਿ ਅਧਿਆਪਕ ਸੁਰਿੰਦਰ ਸਿੰਘ ਦੇ ਹਾਜ਼ਰੀ ਦੇ ਆਰਡਰ ਜਾਰੀ ਹੋਣੇ ਡੈਮੋਕਰੇਟਿਕ ਟੀਚਰ ਫਰੰਟ ਕਪੂਰਥਲਾ, ਕਿਸਾਨ, ਮਜ਼ਦੂਰ ਅਤੇ ਭਰਾਤਰੀ ਜਥੇਬੰਦੀਆਂ ਦੀ ਵੱਡੀ ਜਿੱਤ ਹੈ। ਇਹ ਸਭ ਏਕਤਾ ਅਤੇ ਇਕੱਠੇ ਹੋ ਕੇ ਕੀਤੇ ਹੋਏ ਸੰਘਰਸ਼ ਦਾ ਸਿੱਟਾ ਹੈ। ਇਸ ਮੌਕੇ ਵਫ਼ਦ ਵਿੱਚ ਹਰਵਿੰਦਰ ਸਿੰਘ ਅੱਲੂਵਾਲ, ਨਰਿੰਦਰ ਭੰਡਾਰੀ, ਸੁਰਿੰਦਰ ਸਿੰਘ, ਗੁਰਪਿਆਰ ਕੋਟਲੀ, ਰੁਪਿੰਦਰ ਗਿੱਲ ਜੰਡਿਆਲੀ, ਬਲਵਿੰਦਰ ਸਿੰਘ ਆਦਿ ਅਧਿਆਪਕ ਆਗੂ ਸ਼ਾਮਿਲ ਸਨ।



# ਸ੍ਰੀ ਆਨੰਦਪੁਰ ਸਾਹਿਬ ਪੁਲਿਸ ਵਲੋਂ ਨਜਾਇਜ਼ ਮਾਈਨਿੰਗ ਖਿਲਾਫ ਕੀਤੀ ਗਈ ਸਖਤ ਕਾਰਵਾਈ

**ਐਸਐਸਪੀ ਰੂਪਨਗਰ ਮਨਿੰਦਰ ਸਿੰਘ ਨੇ ਨਜਾਇਜ਼ ਮਾਈਨਿੰਗ ਕਰਨ ਵਾਲਿਆਂ ਖਿਲਾਫ ਕੀਤਾ ਮਾਮਲਾ ਦਰਜ ਚਾਰ ਪੋਕਲੈਨ ਮਸ਼ੀਨਾਂ ਜਬਤ**

**ਰੂਪਨਗਰ /ਸ੍ਰੀ ਅਨੰਦਪੁਰ ਸਾਹਿਬ ( ਜਤਿੰਦਰ ਪਾਲ ਸਿੰਘ ਕਲੇਰ )** ਬੀਤੇ ਕੁਝ ਦਿਨਾਂ ਤੋਂ ਸ੍ਰੀ ਅਨੰਦਪੁਰ ਸਾਹਿਬ ਖੇਤਰ ਵਿੱਚ ਸਤਲੁਜ ਦਰਿਆ ਦੇ ਕੰਢੇ ਨਜਾਇਜ਼ ਮਾਈਨਿੰਗ ਦੀਆਂ ਸ਼ਿਕਾਇਤਾਂ ਗੁਪਤ ਸੂਚਨਾ ਦੇ ਆਧਾਰ ਤੇ ਮਿਲ ਰਹੀਆਂ ਸਨ ਜਿਸ ਦੇ ਖਿਲਾਫ ਅੱਜ ਕਾਨੂੰਨੀ ਕਾਰਵਾਈ ਕਰਦਿਆਂ ਥਾਣਾ ਸ੍ਰੀ ਆਨੰਦਪੁਰ ਸਾਹਿਬ ਵਿੱਚ ਮਾਈਨਿੰਗ ਐਕਟ ਅਧੀਨ ਮਾਮਲਾ ਦਰਜ ਕੀਤਾ ਹੈ ਅਤੇ ਚਾਰ ਪੋਕਲੈਨ ਮਸ਼ੀਨਾਂ ਬਰਾਮਦ ਕੀਤੀਆਂ ਹਨ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਜ਼ਿਲਾ ਰੋਪੜ ਦੇ ਐਸਐਸਪੀ ਮਨਿੰਦਰ ਸਿੰਘ ਵੱਲੋਂ ਥਾਣਾ ਸ੍ਰੀ ਆਨੰਦਪੁਰ ਸਾਹਿਬ ਵਿਖੇ ਪੱਤਰਕਾਰਾਂ ਨਾਲ ਜਾਣਕਾਰੀ ਸਾਂਝੇ ਕਰਦੇ ਹੋਏ ਕੀਤਾ ਉਹਨਾਂ ਕਿਹਾ ਕਿ ਸ੍ਰੀ



ਨੰਦਪੁਰ ਸਾਹਿਬ ਪੁਲਿਸ ਨੂੰ ਚਾਰ ਪੋਕ ਲੈਣ ਮਸ਼ੀਨਾਂ ਦੇ ਨਾਮ ਲੂਮ ਚਾਲਕ ਮਾਲਕਾਂ ਨਾਮ ਲੂਮ ਜਮੀਨ ਮਾਲਕਾਂ ਨਾਮ ਲੂਮ ਟਿੱਪਰ ਚਾਲਕਾਂ ਮਾਲਕਾਂ ਦੇ ਦਰਜ ਰਜਿਸਟਰਡ ਕੀਤਾ ਗਿਆ ਹੈ ਇਸ ਤੋਂ ਇਲਾਵਾ ਥਾਣਾ ਨੂਰਪੁਰ ਬੇਦੀ ਵੱਲੋਂ ਵੀ ਮਾਈਨਿੰਗ ਵਿਭਾਗ ਦੀ ਟੀਮ ਨਾਲ ਨਜਾਇਜ਼ ਮਾਈਨਿੰਗ ਤਹਿਤ ਕਾਰਵਾਈ ਕਰਦੇ ਹੋਏ ਪਿੰਡ ਐਲਗਰਾ ਕਰੈਸ਼ਰ ਜੋਨ ਵਿੱਚ ਸਵਾਨ ਦੀ ਵਿੱਚ ਨਜਾਇਜ਼ ਮਾਈਨਿੰਗ ਕਰਦੇ ਇੱਕ ਮਸ਼ੀਨ ਨੂੰ ਕਾਬੂ ਕਰਕੇ ਪੁਲਿਸ ਨੇ ਆਪਣੇ ਕਬਜ਼ੇ ਵਿੱਚ ਲਿੱਤਾ ਹੈ। ਇਸ ਮੌਕੇ ਐਸਐਸਪੀ ਮਨਿੰਦਰ ਸਿੰਘ ਤੋਂ ਇਲਾਵਾ ਐਸਪੀ ਗੁਰਦੀਪ ਸਿੰਘ ਗੋਸਲ ਡੀਐਸਪੀ ਜਸ਼ਨਦੀਪ ਸਿੰਘ ਮਾਣ ਡੀਐਸਪੀ ਹਰਕੀਰਤ ਸਿੰਘ ਐਸਐਚਓ ਦਾਨਿਸ਼ਵੀਰ ਸਿੰਘ ਐਸਐਚਓ ਸਿਮਰਨ ਦੀਪ ਸਿੰਘ ਆਦਿ ਹਾਜ਼ਰ ਸਨ।

# ਚੀਨ ਦੌਰੇ ’ਤੇ ਪ੍ਰਧਾਨ ਮੰਤਰੀ ਸਟਾਰਮਰ, ਅੰਤਰਰਾਸ਼ਟਰੀ ਚਰਚਾ ਤੇਜ਼

**● ਅਮਰੀਕਾ ਦੀ ਉਥਲ-ਪੁਥਲ ਵਿਚਕਾਰ ਸਟਾਰਮਰ ਦਾ ਚੀਨ ਦੌਰਾ ● ਚੀਨ ਨੇ ਆਪਣੇ ਆਪ ਨੂੰ ‘ਭਰੋਸੇਯੋਗ ਵਿਸ਼ਵ ਤਾਕਤ’ ਵਜੋਂ ਕੀਤਾ ਪੇਸ਼**

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)** ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਅਰ ਸਟਾਰਮਰ ਦਾ ਚੀਨ ਦੌਰਾ ਇਸ ਸਮੇਂ ਅੰਤਰਰਾਸ਼ਟਰੀ ਪੱਧਰ ’ਤੇ ਖਾਸ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਹ ਦੌਰਾ ਉਸ ਵੇਲੇ ਹੋ ਰਿਹਾ ਹੈ ਜਦੋਂ ਅਮਰੀਕਾ ਦੀ ਰਾਜਨੀਤੀ ਵਿੱਚ ਉਥਲ-ਪੁਥਲ ਦੀ ਸਥਿਤੀ ਬਣੀ ਹੋਈ ਹੈ ਅਤੇ ਵਿਸ਼ਵ ਤਾਕਤਾਂ ਵਿਚਕਾਰ ਤਣਾਅ ਵਧ ਰਿਹਾ ਹੈ। ਰਿਪੋਰਟਾਂ ਮੁਤਾਬਕ ਸਟਾਰਮਰ ਦਾ ਇਹ ਦੌਰਾ ਚੀਨ ਲਈ ਇਕ ਵੱਡਾ ਮੌਕਾ ਮੰਨਿਆ ਜਾ ਰਿਹਾ ਹੈ, ਕਿਉਂਕਿ ਚੀਨ ਲਗਾਤਾਰ ਆਪਣੇ ਆਪ ਨੂੰ ਦੁਨੀਆ ਅੱਗੇ ਇੱਕ ਭਰੋਸੇਯੋਗ ਅਤੇ ਸਥਿਰ ਤਾਕਤ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਦੌਰਾਨ ਸਟਾਰਮਰ ਅਤੇ ਚੀਨੀ ਨੇਤ੍ਰਿਤਵ ਵਿਚਕਾਰ ਵਪਾਰ, ਸੁਰੱਖਿਆ



**ਚੀਨ ਦੇ ਦੌਰੇ ਦੌਰਾਨ ਬੀਜਿੰਗ ਵਿੱਚ ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਅਰ ਸਟਾਰਮਰ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਮੁਲਾਕਾਤ ਕਰਦੇ ਹੋਏ। ਤਸਵੀਰ:- ਸੁਖਜਿੰਦਰ ਸਿੰਘ ਢੱਡੇ**

ਅਤੇ ਅੰਤਰਰਾਸ਼ਟਰੀ ਸਬੰਧਾਂ ’ਤੇ ਗੱਲਬਾਤ ਹੋਈ। ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਅਮਰੀਕਾ ਨਾਲ ਬਣ ਰਹੀ ਅਣਸ਼ਚਿਤਤਾ ਦੇ ਮਾਹੌਲ ਵਿੱਚ ਚੀਨ ਇਹ ਦਰਸਾਉਣਾ ਚਾਹੁੰਦਾ ਹੈ ਕਿ ਉਹ ਵਿਸ਼ਵ ਮਾਮਲਿਆਂ ਵਿੱਚ ਇੱਕ ਮਜ਼ਬੂਤ ਅਤੇ ਜ਼ਿੰਮੇਵਾਰ ਭੂਮਿਕਾ ਨਿਭਾ ਸਕਦਾ ਹੈ। ਇਸ ਪਿਛੋਕੜ ਵਿੱਚ ਬਰਤਾਨਵੀ ਪ੍ਰਧਾਨ ਮੰਤਰੀ ਦਾ ਦੌਰਾ ਚੀਨ ਲਈ ਰਾਜਨੀਤਿਕ ਤੌਰ ’ਤੇ ਲਾਭਕਾਰੀ ਸਾਬਤ ਹੋ ਸਕਦਾ ਹੈ। ਦੂਜੇ ਪਾਸੇ, ਬਰਤਾਨੀਆ ਅੰਦਰ ਵੀ ਇਸ ਦੌਰੇ ਨੂੰ ਲੈ ਕੇ ਵੱਖ-ਵੱਖ ਪ੍ਰਤੀਕ੍ਰਿਆਵਾਂ ਸਾਹਮਣੇ ਆ ਰਹੀਆਂ ਹਨ। ਕੁਝ ਲੋਕਾਂ ਦਾ ਮੰਨਣਾ ਹੈ ਕਿ ਬਰਤਾਨੀਆ ਨੂੰ ਅਮਰੀਕਾ ਨਾਲ ਰਵਾਇਤੀ ਸਾਂਝ ਨੂੰ ਧਿਆਨ ਵਿੱਚ ਰੱਖਦੇ ਹੋਏ ਸੰਤੁਲਨ ਬਣਾਈ ਰੱਖਣਾ ਚਾਹੀਦਾ ਹੈ।

# ਪੁਲਿਸ ਮੁਲਾਜ਼ਮਾਂ ਲਈ ਲਾਇਸੈਂਸ ਲਾਜ਼ਮੀ, ਨਹੀਂ ਤਾਂ ਨੌਕਰੀ ਤੋਂ ਹਟਾਉਣ ਦੀ ਚੇਤਾਵਨੀ

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)–** ਇੰਗਲੈਂਡ ਅਤੇ ਵੇਲਜ਼ ਵਿੱਚ ਸੇਵਾ ਨਿਭਾ ਰਹੇ ਸਾਰੇ ਪੁਲਿਸ ਮੁਲਾਜ਼ਮਾਂ ਲਈ ਹੁਣ ਨੌਕਰੀ ਜਾਰੀ ਰੱਖਣ ਵਾਸਤੇ ਲਾਇਸੈਂਸ ਲੈਣਾ ਲਾਜ਼ਮੀ ਕਰ ਦਿੱਤਾ ਜਾ ਰਿਹਾ ਹੈ। ਸਰਕਾਰ ਵੱਲੋਂ ਕੀਤੀ ਜਾ ਰਹੀ ਵੱਡੀ ਪੁਲਿਸ ਸੁਧਾਰ ਪ੍ਰਕਿਰਿਆ ਦੇ ਤਹਿਤ ਇਹ ਨਵਾਂ ਕਦਮ ਚੁੱਕਿਆ ਗਿਆ ਹੈ, ਜਿਸ ਅਨੁਸਾਰ ਲਾਇਸੈਂਸ ਹਾਸਲ ਕਰਨ ਵਿੱਚ ਅਸਫ਼ਲ ਰਹਿਣ ਵਾਲੇ ਮੁਲਾਜ਼ਮਾਂ ਨੂੰ ਨੌਕਰੀ ਤੋਂ ਹਟਾਇਆ ਵੀ ਜਾ ਸਕੇਗਾ। ਗ੍ਰਿਹ ਮੰਤਰਾਲੇ ਵੱਲੋਂ ਜਾਰੀ ਕੀਤੀ ਜਾਣਕਾਰੀ ਅਨੁਸਾਰ, ਇਹ ਪ੍ਰਬੰਧ ਇਸ ਲਈ ਲਿਆਂਦਾ ਜਾ ਰਿਹਾ ਹੈ ਤਾਂ ਜੋ ਪੁਲਿਸ ਵਿਭਾਗ ਵਿੱਚ ਪਾਰਦਰਸ਼ਤਾ, ਜਵਾਬਦੇਹੀ ਅਤੇ ਲੋਕਾਂ ਦਾ ਭਰੋਸਾ ਮੁੜ ਕਾਇਮ ਕੀਤਾ ਜਾ ਸਕੇ। ਪਿਛਲੇ ਕੁਝ ਸਮੇਂ ਦੌਰਾਨ ਸਾਹਮਣੇ ਆਏ ਕਈ ਗੰਭੀਰ ਮਾਮਲਿਆਂ ਤੋਂ ਬਾਅਦ ਪੁਲਿਸ ਪ੍ਰਣਾਲੀ ’ਤੇ ਸਵਾਲ ਖੜੇ ਹੋਏ ਸਨ, ਜਿਸ ਕਾਰਨ ਸਰਕਾਰ ਉੱਤੇ ਸੁਧਾਰ ਲਿਆਉਣ ਦਾ ਦਬਾਅ ਵਧ ਗਿਆ ਸੀ। ਨਵੇਂ ਪ੍ਰਸਤਾਵਾਂ ਅਨੁਸਾਰ ਹਰ ਪੁਲਿਸ ਮੁਲਾਜ਼ਮ ਨੂੰ ਇਹ ਸਾਬਤ ਕਰਨਾ ਹੋਵੇਗਾ ਕਿ ਉਹ ਸਰੀਰਕ, ਮਾਨਸਿਕ ਅਤੇ ਨੈਤਿਕ ਤੌਰ ’ਤੇ ਡਿਊਟੀ ਨਿਭਾਉਣ ਯੋਗ ਹੈ। ਲਾਇਸੈਂਸ ਪ੍ਰਣਾਲੀ ਅਧੀਨ ਮੁਲਾਜ਼ਮਾਂ ਦੇ ਪਿਛਲੇ ਰਿਕਾਰਡ, ਸ਼ਿਕਾਇਤਾਂ, ਵਿਵਹਾਰ ਅਤੇ ਪੇਸ਼ਾਵਰ ਮਿਆਰਾਂ ਦੀ ਜਾਂਚ ਕੀਤੀ ਜਾਵੇਗੀ। ਜਿਹੜੇ ਮੁਲਾਜ਼ਮ ਲੋੜੀਂਦੇ ਮਾਪਦੰਡਾਂ ’ਤੇ ਖਰੇ ਨਹੀਂ ਉਤਰਣਗੇ, ਉਨ੍ਹਾਂ ਨੂੰ ਸੇਵਾ ਤੋਂ ਹਟਾਉਣ ਦਾ ਅਧਿਕਾਰ ਅਧਿਕਾਰੀਆਂ ਕੋਲ ਹੋਵੇਗਾ। ਸਰਕਾਰੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਕਦਮ ਕਿਸੇ ਖ਼ਿਲਾਫ਼ ਸਜ਼ਾਮੁਲਕ ਨਹੀਂ, ਸਗੋਂ ਪੁਲਿਸ ਪ੍ਰਣਾਲੀ ਨੂੰ ਹੋਰ ਮਜ਼ਬੂਤ ਅਤੇ ਲੋਕ-ਹਿਤੈਸ਼ੀ ਬਣਾਉਣ ਵੱਲ ਇਕ ਅਹੰਮ ਪਹਲ ਹੈ। ਉਨ੍ਹਾਂ ਅਨੁਸਾਰ ਆਮ ਲੋਕਾਂ ਨੂੰ ਇਹ ਭਰੋਸਾ ਹੋਣਾ ਚਾਹੀਦਾ ਹੈ ਕਿ ਜਿਨ੍ਹਾਂ ਦੇ ਹੱਥਾਂ ਵਿੱਚ ਕਾਨੂੰਨ ਦੀ ਰੱਖਿਆ ਦੀ ਜ਼ਿੰਮੇਵਾਰੀ ਹੈ, ਉਹ ਪੂਰੀ ਤਰ੍ਹਾਂ ਯੋਗ ਅਤੇ ਇਮਾਨਦਾਰ ਹਨ। ਇਸ ਯੋਜਨਾ ਨੂੰ ਲੈ ਕੇ ਪੁਲਿਸ ਮੁਲਾਜ਼ਮਾਂ ਦੇ ਵੱਖ-ਵੱਖ ਸੰਗਠਨਾਂ ਵੱਲੋਂ ਮਿਲੀ-ਜੁਲੀ ਪ੍ਰਤੀਕਿਰਿਆ ਸਾਹਮਣੇ ਆ ਰਹੀ ਹੈ। ਕੁਝ ਇਸਨੂੰ ਜ਼ਰੂਰੀ ਸੁਧਾਰ ਮੰਨ ਰਹੇ ਹਨ, ਜਦਕਿ ਕੁਝ ਸੰਗਠਨਾਂ ਦਾ ਕਹਿਣਾ ਹੈ ਕਿ ਲਾਇਸੈਂਸ ਪ੍ਰਣਾਲੀ ਲਾਗੂ ਕਰਨ ਸਮੇਂ ਮੁਲਾਜ਼ਮਾਂ ਦੇ ਅਧਿਕਾਰਾਂ ਦੀ ਵੀ ਰੱਖਿਆ ਕੀਤੀ ਜਾਣੀ ਚਾਹੀਦੀ ਹੈ। ਸਰਕਾਰ ਦਾ ਕਹਿਣਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਇਹ ਪ੍ਰਬੰਧ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇਗਾ ਅਤੇ ਇਸ ਨਾਲ ਪੁਲਿਸ ਵਿਭਾਗ ਵਿੱਚ ਅਨੁਸ਼ਾਸਨ ਅਤੇ ਪੇਸ਼ਾਵਰ ਮਿਆਰ ਹੋਰ ਮਜ਼ਬੂਤ ਹੋਣਗੇ।

# ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ 'ਸਿਰਜਨਾ ਦੇ ਆਰ ਪਾਰ'

## ਪ੍ਰੋਗਰਾਮ ਵਿੱਚ ਸਰਹੱਦਾਂ ਤੋਂ ਪਾਰ ਪੰਜਾਬੀ ਭਾਸ਼ਾ ਦੀ ਸਾਂਝ: ਡਾ. ਕਲਿਆਣ ਸਿੰਘ ਕਲਿਆਣ ਜੀ ਨਾਲ

**ਬਰੈਂਪਟਨ ( ਰਮਿੰਦਰ ਵਾਲੀਆ )** ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਮਹੀਨਾਵਾਰ ਪ੍ਰੋਗਰਾਮ ਸਿਰਜਨਾ ਦੇ ਆਰ ਪਾਰ 26 ਜਨਵਰੀ ਸੋਮਵਾਰ ਨੂੰ ਕਰਵਾਇਆ ਗਿਆ। ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੀ ਫ਼ਾਊਂਡਰ , ਪ੍ਰਧਾਨ ਅਤੇ ਪ੍ਰਬੰਧਕ ਰਮਿੰਦਰ ਵਾਲੀਆ ਰੰਮੀ ਦੇ ਵਿਸ਼ੇਸ਼ ਯਤਨਾਂ ਨਾਲ ਇਸ ਪ੍ਰੋਗਰਾਮ ਵਿੱਚ ਇਸ ਵਾਰ ਗੌਰਮਿੰਟ ਕਾਲਜ ਯੂਨੀਵਰਸਿਟੀ ਲਾਹੌਰ ਦੇ ਅਸਿਸਟੈਂਟ ਪ੍ਰੋਫੈਸਰ ਡਾ .ਕਲਿਆਣ ਸਿੰਘ ਕਲਿਆਣ ਨਾਲ ਵਿਸ਼ੇਸ਼ ਮੁਲਾਕਾਤ ਪ੍ਰੋਫੈਸਰ ਕੁਲਜੀਤ ਕੌਰ ਵੱਲੋਂ ਕੀਤੀ ਗਈ।ਕਲਿਆਣ ਸਿੰਘ ਕਲਿਆਣ ਪਾਕਿਸਤਾਨ ਦਾ ਪਹਿਲਾ ਸਿੱਖ ਪ੍ਰੋਫੈਸਰ ਹੈ। ਉਹ ਲਾਹੌਰ ਦੀ ਸਰਕਾਰੀ ਕਾਲਜ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿੱਚ ਸਹਾਇਕ ਪ੍ਰੋਫੈਸਰ ਹੈ। ਗੁਰਮੁਖੀ ਲਿਪੀ ਬਾਰੇ ਉਸ ਦੀ ਖੋਜ ਸਿਲੇਬਸ ਵਿਚ ਸ਼ਾਮਲ ਹੈ।ਕਲਿਆਣ ਸਿੰਘ ਕਲਿਆਣ ਨੇ ਸਰਲ ਤਰੀਕੇ ਨਾਲ਼ ਗੁਰਮੁਖੀ ਲਿਪੀ ਸਿੱਖਾਉਣ ਤੇ ਪੰਜਾਬੀ ਪੜ੍ਹਾਉਣ ਵਾਸਤੇ ਇੱਕ ਕਿਤਾ-ਬਚਾ ਤਿਆਰ ਕੀਤਾ ਹੈ। ਇਹ ਕਿਤਾਬਚਾ ਪੰਜਾਬੀ ਪੜ੍ਹਾਉਣ ਵਾਲੇ ਸਾਰੇ ਵਿਦਿਅਕ ਅਦਾਰਿਆਂ ਵਿੱਚ ਵਰਤਿਆ ਜਾਂਦਾ ਹੈ। ਪ੍ਰੋਗਰਾਮ ਦੇ ਆਰੰਭ ਵਿੱਚ ਰਮਿੰਦਰ ਰੰਮੀ ਨੇ ਡਾਕਟਰ ਕਲਿਆਣ ਸਿੰਘ ਨੂੰ ਜੀ ਆਇਆ ਕਿਹਾ ਤੇ ਉਹਨਾਂ ਦੇ ਪਿਆਰ ਉੱਤੇ ਨਿੱਘੇ ਸੁਭਾਅ ਦੇ ਬਾਰੇ ਸਾਰਿਆਂ ਨਾਲ ਸਾਂਝ ਪਾਈ ਅਤੇ ਇਹ ਵੀ ਦੱਸਿਆ ਕਿ ਲਹਿੰਦੇ ਚੜ੍ਹਦੇ ਲਈ ਬਹੁਤ ਕੰਮ ਕਰ ਰਹੇ ਹਨ । ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਸਿਰਤੋੜ ਯਤਨ ਕਰ ਰਹੇ ਹਨ। ਉਹਨਾਂ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਹੋ ਰਹੇ ਪ੍ਰੋਗਰਾਮਾਂ ਦੀ ਜਾਣਕਾਰੀ ਦਿੱਤੀ ।ਉਹਨਾਂ ਸਿਰਜਣਾ ਦੇ ਆਰ ਪਾਰ ਦੇ ਲਗਾਤਾਰ ਹੋ ਰਹੇ ਇਸ ਮੁਲਾਕ-ਾਤ ਦੇ ਪ੍ਰੋਗਰਾਮ ਦੀ ਸੰਖੇਪ ਜਾਣਕਾਰੀ ਵੀ ਦਿੱਤੀ। ਉਪਰੰਤ ਸਰਪ੍ਰਸਤ ਸੁਰਜੀਤ ਕੌਰ ਨੇ ਕਲਿਆਣ ਸਿੰਘ ਕਲਿਆਣ ਸਿੰਘ ਜੀ ਦੀ ਜਾਣਕਾਰੀ ਦਿੰਦਿਆਂ ਹੋਇਆਂ ਇਸ ਸ਼ਖਸੀਅਤ ਨੂੰ ਬਹੁਤ ਗਿਆਨਵਾਨ ਤੇ ਸਿੱਖ ਇਤਿਹਾਸ ਅਤੇ ਵਿਰਸੇ ਨਾਲ ਜੁੜੀ ਹੋਈ ਦੱਸਿਆ। ਉਪਰੰਤ ਪ੍ਰੋ . ਕੁਲਜੀਤ ਕੌਰ ਨੇ ਡਾਕਟਰ ਕਲਿਆਣ ਸਿੰਘ ਕਲਿਆਣ ਦੇ ਜੀਵਨ ਸਫਰ ਬਾਰੇ ਉਹਨਾਂ ਨਾਲ



ਰਮਿੰਦਰ ਰੰਮੀ ਫ਼ਾਊਂਡਰ ਤੇ ਪ੍ਰਬੰਧਕ, ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ।

ਰੌਚਕ ਢੰਗ ਨਾਲ ਗੱਲਬਾਤ ਕੀਤੀ। ਉਹਨਾਂ ਦੇ ਪਰਿਵਾਰਕ ਪਿਛੋਕੜ ਅਤੇ ਬਚਪਨ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਡਾ .ਕਲਿਆਣ ਸਿੰਘ ਨੇ ਆਪਣੇ ਪਰਿਵਾਰ ਵਿੱਚ ਸਿੱਖ ਇਤਿਹਾਸ ਪ੍ਰਤੀ ਸ਼ਰਧਾ ਅਤੇ ਆਪਣੀ ਮਾਤਾ ਦੇ ਸੁਭਾਅ ਵਿੱਚ ਨਿਮਰਤਾ ਦੀ ਗੱਲ ਕੀਤੀ ।ਉਹਨਾਂ ਨੇ ਆਪਣੇ ਪਰਿਵਾਰ ਨੂੰ ਆਪਣੇ ਲਈ ਪ੍ਰੇਰਨਾ ਸਰੋਤ ਦੱਸਿਆ ਜਿੱਥੋਂ ਸੇਧ ਲੈ ਕੇ ਉਹ ਸਿੱਖ ਇਤਿਹਾਸ ਅਤੇ ਸਿੱਖ ਸਿਧਾਂਤਾਂ ਨਾਲ ਜੁੜੇ। ਡਾ . ਕਲਿਆਣ ਸਿੰਘ ਕਲਿਆਣ ਨੇ ਦਸਿਆ ਕਿ ਮੌਜੂਦਾ ਸਮੇਂ ਵਿਚ ਵੀ ਬਹੁਤ ਸਾਰੇ ਵਿਦਿਆਰਥੀ ਉਨ੍ਹਾਂ ਪਾਸੋਂ ਗੁਰਮੁਖੀ ਪੜ੍ਹ ਰਹੇ ਹਨ। ਇਹ ਸਾਰੇ ਹੀ ਮੁਸਲਿਮ ਭਾਈਚਾਰੇ ਨਾਲ ਸਬੰਧਤ ਹਨ ਤੇ ਇਨ੍ਹਾਂ ਵਿਦਿਆਰਥੀਆਂ ਵਿਚ ਗੁਰਮੁਖੀ ਪੜ੍ਹਨ ਦਾ ਸ਼ੌਕ ਹੈ। ਡਾ. ਕਲਿਆਣ ਸਿੰਘ ਕਲਿਆਣ ਪਹਿਲੇ ਅਜਿਹੇ ਸਿੱਖ ਵਿਅਕਤੀ ਹਨ ਜਿਨ੍ਹਾਂ ਪਾਕਿਸਤਾਨ ਵਿਚ ਐਮ. ਏ ਤੇ ਪੀ .ਐਚ ਡੀ ਦੀ ਪੜ੍ਹਾਈ ਪੂਰੀ ਕੀਤੀ। ਉਨ੍ਹਾਂ ਨੇ ਅੱਗੇ ਦਸਿਆ ਕਿ ਉਨ੍ਹਾਂ ਗੁਰੂ ਨਾਨਕ ਬਾਣੀ ਵਿਚ ਇਨਸਾਨੀ ਦੋਸਤੀ ਵਿਸ਼ੇ ਤੇ ਪੀ ਐਚ ਡੀ ਕੀਤੀ ਹੈ।ਉਨ੍ਹਾਂ ਨੇ ਆਪਣੇ ਅਧਿਆਪਨ ਕੈਰੀਅਰ ਦੀ ਸ਼ੁਰੂਆਤ 2007 ਵਿੱਚ ਕੀਤੀ ਅਤੇ ਸਰਕਾਰੀ ਪੀ.ਜੀ. ਇਸਲਾਮੀਆ ਕਾਲਜ, ਗੁਜਰਾਂਵਾਲਾ ਵਿੱਚ ਲੈਕਚਰਾਰ ਰਹਿਣ ਉਪਰੰਤ ਜੀ.ਸੀ.ਯੂ. ਲਾਹੌਰ ਨਾਲ ਜੁੜੇ। 2018 ਤੋਂ ਲਗਾਤਾਰ ਉਹ ਉੱਥੇ ਸੇਵਾ ਨਿਭਾ ਰਹੇ ਹਨ।

ਉਨ੍ਹਾਂ ਨੇ ਗੁਰੂ ਨਾਨਕ ਸੰਸਥਾਵਾਂ, ਨਨਕਾਣਾ ਸਾਹਿਬ ਤੋਂ ਸਿੱਖਿਆ ਪ੍ਰਾਪਤ ਕਰਦੇ ਹੋਏ ਯੂਨੀਵਰਸਿਟੀ ਆਫ਼ ਦ ਪੰਜਾਬ, ਲਾਹੌਰ ਤੋਂ ਐਮ.ਏ. (ਪੰਜਾਬੀ), ਐਮ.ਫ਼ਿਲ. ਅਤੇ ਪੀ.ਐਚ.ਡੀ. ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ।




ਡਾ. ਕਲਿਆਣ ਸਿੰਘ ਕਲਿਆਣ ਪੰਜਾਬੀ (ਸ਼ਾਹਮੁਖੀ ਅਤੇ ਗੁਰਮੁਖੀ), ਉਰਦੂ, ਪਸ਼ਤੋ ਅਤੇ ਹਿੰਦੀ ਭਾਸ਼ਾਵਾਂ 'ਤੇ ਉੱਤਮ ਜਾਣਕਾਰੀ ਰੱਖਦੇ ਹਨ।ਉਹ ਇੱਕ ਪ੍ਰਸਿੱਧ ਵਿਦਵਾਨ, ਲੇਖਕ ਅਤੇ ਅਨੁਵਾਦਕ ਹਨ। ਉਨ੍ਹਾਂ ਦੀਆਂ ਪ੍ਰਮੁੱਖ ਰਚਨਾਵਾਂ ਵਿੱਚ "ਗੁਰਮੁਖੀ ਉਸਤਾਦ", "ਲਾਈਫ ਆਫ਼ ਸ੍ਰੀ ਗੁਰੂ ਨਾਨਕ ਸਾਹਿਬ ਜੀ", "ਨਾਨਕ ਹੋਸੀ ਭੀ ਸਚੁ", "ਮਿਰਜ਼ਾ ਸਾਹਿਬਾਂ" ਅਤੇ "ਗੁਰੂ ਨਾਨਕ: ਜੀਵਨ ਤੇ ਫ਼ਿਲਾਸਫ਼ੀ" ਸ਼ਾਮਲ ਹਨ। ਉਨ੍ਹਾਂ ਨੇ ਕਈ ਸਾਹਿਤਕ ਰਚਨਾਵਾਂ ਦੇ ਅਨੁਵਾਦ ਅਤੇ ਲਿਪਿਆਂਤਰਨ ਵੀ ਕੀਤੇ ਹਨ ਅਤੇ ਉਨ੍ਹਾਂ ਦੇ ਖੋਜ ਲੇਖ ਰਾਸ਼ਟਰੀ ਤੇ ਅੰਤਰਰਾਸ਼ਟਰੀ ਜਰਨਲਾਂ ਵਿੱਚ ਪ੍ਰਕਾਸ਼ਿਤ ਹੋ ਚੁੱਕੇ ਹਨ। ਸਿੱਖ ਇਤਿਹਾਸ, ਗੁਰੂ ਨਾਨਕ ਦਰਸ਼ਨ ਅਤੇ ਪੰਜਾਬੀ ਸਾਹਿਤ ਉਨ੍ਹਾਂ ਦੇ ਮੁੱਖ ਅਧਿਐਨ ਖੇਤਰ ਹਨ। ਉਨ੍ਹਾਂ ਨੇ ਆਪਣੇ ਜੀਵਨ ਦੀਆਂ ਬਹੁਤ ਸਾਰੀਆਂ ਚੁਣੌਤੀਆਂ ਅਤੇ ਮੁਸ਼ਕਲਾਂ ਬਾਰੇ ਵੀ ਦੱਸਿਆ ਤੇ ਵਰਤਮਾਨ ਮੁਕਾਮ ਤੱਕ ਪਹੁੰਚਣ ਵੇਲੇ ਉਹਨਾਂ ਨੂੰ ਜਿਹੜੀ ਸੰਘਰਸ਼ ਅਤੇ ਮਸ਼ੱਕਤ ਕਰਨੀ ਪਈ ਉਸ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ । ਉਹਨਾਂ ਨੂੰ ਇਸ ਗੱਲ ਦਾ ਮਾਣ ਹੈ ਕਿ ਉਸਦਾ ਉਹਨਾਂ ਨੇ ਆਪਣੀ ਭੈਣ ਸਤਵੰਤ ਕੌਰ ਨੂੰ ਉੱਚ ਸਿੱਖਿਆ ਦੇ ਖੇਤਰ ਵਿੱਚ ਮਾਰਗਦਰਸ਼ਨ ਕੀਤਾ। ਉਹਨਾਂ ਨੇ ਆਪਣੇ ਭਵਿੱਖ ਵਿੱਚ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਪਾਕਿਸਤਾਨ ਵਿੱਚ ਕੀਤੇ ਜਾਣ ਵਾਲੇ ਯਤਨਾਂ ਵਿੱਚ ਆਪਣਾ ਯੋਗਦਾਨ ਪਾਉਣ ਦੀ ਗੱਲ ਵੀ ਆਖੀ। ਉਹਨਾਂ ਨੂੰ ਭਾਰਤ ਪਾਕਿਸਤਾਨ ਅਤੇ ਹੋਰ ਦੇਸ਼ਾਂ ਵਿੱਚ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਕੀਤੇ ਯਤਨਾਂ ਲਈ ਬਹੁਤ ਸਾਰੀਆਂ ਸੰਸਥਾਵਾਂ ਵੱਲੋਂ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ।

ਉਹਨਾਂ ਨਾਲ ਇਸ ਗੱਲਬਾਤ ਦੌਰਾਨ ਪ੍ਰੋਗਰਾਮ ਵਿੱਚ ਸ਼ਾਮਿਲ ਬਹੁਤ ਸਾਰੇ ਵਿਦਵਾਨਾਂ ਨੇ ਵਿਚਾਰ ਸਾਂਝੇ ਕੀਤੇ । ਹਰਕੀਰਤ ਕੌਰ ਚਹਿਲ ਨੇ ਕਲਿਆਣ ਸਿੰਘ ਕਲਿਆਣ ਜੀ ਨੂੰ ਅਜਿਹੀ ਸ਼ਖਸੀਅਤ ਦੱਸਿਆ ਜਿਹੜੇ ਪਾਕਿਸਤਾਨੀ ਪੰਜਾਬ ਵਿੱਚ ਪੰਜਾਬ ,ਪੰਜਾਬੀ ਤੇ ਪੰਜਾਬੀਅਤ ਨਾਲ ਜੁੜੇ ਹਨ ਤੇ ਸਿੱਖ ਇਤਿਹ-ਾਸ ਤੇ ਗੁਰਬਾਣੀ ਪ੍ਰਤੀ ਸ਼ਰਧਾ ਭਾਵ ਰੱਖਦੇ ਹੋਏ ਆਪਣੀ ਅਗਲੀ ਪੀੜੀ ਨੂੰ ਵੀ ਇਸ ਵਿਰਾਸਤ ਨਾਲ ਜੋੜ ਰਹੇ ਹਨ ।ਉਹਨਾਂ ਆਪਣੇ ਨਿੱਜੀ ਅਨੁਭਵ ਸਾਂਝੇ ਕਰਦਿਆਂ ਉਹਨਾਂ ਦੇ ਪਰਿਵਾਰ ਬਾਰੇ ਜਾਣਕਾਰੀ ਦਿੱਤੀ ਅਤੇ ਕਲਿਆਣ ਸਿੰਘ ਕਲਿਆਣ ਜੀ ਨੂੰ ਇੱਕ ਉੱਘੇ ਖੋਜੀ ਅਤੇ ਵਿਦਵਾਨ ਦੱਸਣ ਦੇ ਨਾਲ ਨਾਲ ਇੱਕ ਵਧੀਆ ਇਨਸਾਨ ਵੀ ਦੱਸਿਆ। ਮਲੂਕ ਸਿੰਘ ਕਾਹਲੋਂ ਅਤੇ ਡਾ . ਸੁਖਦੇਵ ਸਿੰਘ ਝੰਡ ਜੀ ਨੇ ਵੀ ਡਾ . ਕਲਿਆਣ ਸਿੰਘ ਕਲਿਆਣ ਜੀ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਤੇ ਕੁਝ ਸਵਾਲ ਵੀ ਪੁੱਛੇ ਜਿਹਨਾਂ ਦੇ ਜਵਾਬ ਡਾ . ਕਲਿਆਣ ਜੀ ਨੇ ਬਹੁਤ ਸਹਿਜਤਾ ਨਾਲ ਦਿੱਤੇ ।

ਪ੍ਰੋਗਰਾਮ ਦੇ ਅੰਤ ਵਿੱਚ ਹਮੇਸ਼ਾਂ ਦੀ ਤਰਾਂ ਸਭਾ ਦੇ ਚੇਅਰਮੈਨ ਸ . ਪਿਆਰਾ ਸਿੰਘ ਕੁੱਦੋਵਾਲ ਜੀ ਆਪਣੇ ਵਿਲੱਖਣ ਅੰਦਾਜ਼ ਤੇ ਮਿੱਠੀ ਅਵਾਜ਼ ਵਿੱਚ ਪ੍ਰੋਗਰਾਮ ਨੂੰ ਸੰਮਅੱਪ ਕਰਦੇ ਹਨ । ਉਹਨਾਂ ਨੇ ਪ੍ਰੋਗਰਾਮ ਨੂੰ ਸਮੇਟਦਿਆਂ ਹੋਇਆ ਕਲਿਆਣ ਸਿੰਘ ਕਲਿਆਣ ਜੀ ਦੀ ਇਸ ਗੱਲਬਾਤ ਨੂੰ ਬਹੁਤ ਹੀ ਭਾਵਪੂਰਤ ਅਤੇ ਜਾਣਕਾਰੀ ਭਰਪੂਰ ਦੱਸਿਆ ।ਉਹਨਾਂ ਦੁਆਰਾ ਕੀਤੇ ਗਏ ਕਾਰਜ ਪੰਜਾਬੀ ਭਾਸ਼ਾ ਨੂੰ ਹੱਦਾਂ ਸਰਹੱਦਾਂ ਤੋਂ ਪਾਰ ਮਾਣ ਦਵਾਉਣ ਵਾਲੇ ਹਨ । ਉਹਨਾਂ ਨੇ ਕਲਿਆਣ ਸਿੰਘ ਕਲਿਆਣ ਜੀ ਦੇ ਭਵਿੱਖ ਲਈ ਸ਼ੁਭਕਾਮਨਾਵਾਂ ਕਰਦਿਆਂ ਕਿਹਾ ਕਿ ਸਾਨੂੰ ਯਕੀਨ ਹੈ ਕਿ ਭਵਿੱਖ ਵਿੱਚ ਵੀ ਉਹ ਇਸੇ ਤਰ੍ਹਾਂ ਹੀ ਆਪਣੇ ਖੇਤਰ ਵਿੱਚ ਤਰੱਕੀ ਕਰਦੇ ਰਹਿਣਗੇ। ਇਸ ਮੌਕੇ ਅੰਤਰਰਾਸ਼ਟਰੀ ਸਾ-ਹਤਿਕ ਸਾਂਝਾਂ ਦਾ ਜਨਵਰੀ ਮਹੀਨੇ ਦਾ ਈ ਮੈਗਜ਼ੀਨ ਵੀ ਰਿਲੀਜ਼ ਕੀਤਾ ਗਿਆ।

ਇਸ ਪ੍ਰੋਗਰਾਮ ਵਿੱਚ ਪੂਜਾ ਧੁੰਨਾ , ਕਰਤਾਰ ਸਿੰਘ ਔਲਖ , ਹਰਦਿਆਲ ਸਿੰਘ ਝੀਤਾ , ਪਰਮਜੀਤ ਦਿਓਲ, ਮਲੂਕ ਸਿੰਘ ਕਾਹਲੋਂ, ਸੁਖਦੇਵ ਸਿੰਘ ਝੰਡ, ਗੁਰਚਰਨ ਸਿੰਘ ਜੋਗੀ, ਸਤਬੀਰ ਸਿੰਘ , ਡਾ . ਪੁਸ਼ਪਿੰਦਰ ਕੌਰ, ਹਰਮੀਤ ਵਿਦਿਆਰਥੀ,ਡਾ ਬਲਜੀਤ ਕੌਰ ਰਿਆੜ, ਹਮੀਦ ਹਮੀਦੀ , ਰਿੰਟੂ ਭਾਟੀਆ , ਅਮਰਜੀਤ ਸਿੰਘ ਜੀਤ ਆਦਿ ਅਨੇਕਾਂ ਦਰਸ਼ਕ ਸ਼ਾਮਲ ਹੋਏ।

ਅੰਤ ਵਿੱਚ ਰਮਿੰਦਰ ਰੰਮੀ ਨੇ ਆਏ ਹੋਏ ਸਾਰੇ ਦਰਸ਼ਕਾਂ ਦਾ ਅਤੇ ਮੁੱਖ ਮਹਿਮਾਨ ਦਾ ਧੰਨਵਾਦ ਵੀ ਕੀਤਾ ।ਰਮਿੰਦਰ ਰੰਮੀ ਨੇ ਕਿਹਾ ਕਿ ਪ੍ਰੋ. ਕੁਲਜੀਤ ਕੌਰ ਜੀ "ਸਿਰਜਨਾ ਦੇ ਆਰ ਪਾਰ" ਵਿੱਚ ਬਹੁਤ ਹੀ ਸਹਿਜਤਾ ਵਿੱਚ ਪ੍ਰੋਗਰਾਮ ਕਰਦੇ ਹਨ, ਉਹਨਾਂ ਦੇ ਬਹੁਤ ਸਾਰੇ ਪ੍ਰਸ਼ੰਸਕਾਂ ਨੂੰ ਵੀ ਸਿਰਜਨਾ ਦੇ ਆਰ ਪਾਰ ਪ੍ਰੋਗਰਾਮ ਦਾ ਇੰਤਜ਼ਾਰ ਰਹਿੰਦਾ ਹੈ ।

ਰਮਿੰਦਰ ਰੰਮੀ ਨੇ ਕਿਹਾ ਕਿ :-

" ਤੁਸੀਂ ਘਰ ਅਸਾਡੇ ਆਏ ਅਸੀਂ ਫੁੱਲੇ ਨਹੀਂ ਸਮਾਏ "

ਧੰਨਵਾਦ ਸਹਿਤ । ਇਹ ਰਿਪੋਰਟ ਪ੍ਰੋ. ਕੁਲਜੀਤ ਕੌਰ ਨੇ ਰਮਿੰਦਰ ਵਾਲੀਆ ਨੂੰ ਸਾਂਝੀ ਕੀਤੀ ।

# ਵਿਸ਼ਵ ਥਾਇਰੋਇਡ ਦਿਵਸ

ਹਰ ਸਾਲ 25 ਮਈ ਨੂੰ ਦੁਨੀਆ ਭਰ ਦੀ ਸਿਹਤ ਸੰਸਥਾਵਾਂ ਵਿਸ਼ਵ ਥਾਇਰੋਇਡ ਦਿਵਸ ਮਨਾਉਂਦੀਆਂ ਹਨ ਤਾਂ ਜੋ ਥਾਇਰੋਇਡ ਗ੍ਰੰਥੀ ਦੀ ਸਿਹਤ ਅਤੇ ਥਾਇਰੋਇਡ ਬਿਮਾਰੀਆਂ ਦੇ ਪ੍ਰਭਾਵ ਬਾਰੇ ਜਾਗਰੂਕਤਾ ਵਧਾਈ ਜਾ ਸਕੇ। ਥਾਇਰੋਇਡ ਜੋ ਕਿ ਗਲੇ ਦੇ ਹੇਠਲੇ ਹਿੱਸੇ ਵਿੱਚ ਇੱਕ ਤਿਤਲੀ ਦੇ ਆਕਾਰ ਦੀ ਗ੍ਰੰਥੀ ਹੈ ਵੱਖ-ਵੱਖ ਸਰੀਰਕ ਕਾਰਜਾਂ ਨੂੰ ਨਿਯੰਤ੍ਰਿਤ ਕਰਨ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਂਦੀ ਹੈ। ਇਨ੍ਹਾਂ ਕਾਰਜਾਂ ਵਿੱਚ ਮੈਟਾਬੋਲਿਜ਼ਮ, ਊਰਜਾ ਉਤਪਾਦਨ ਅਤੇ ਸਰੀਰਕ ਵਿਕਾਸ ਸ਼ਾਮਿਲ ਹਨ। ਇਸ ਗ੍ਰੰਥੀ ਦੀ ਮਹੱਤਤਾ ਅਤੇ ਇਸ ਨਾਲ ਜੁੜੇ ਕਾਰਜਾਂ ਨੂੰ ਸਮਝਣਾ ਕੁੱਲ ਮਿਲਾ ਕੇ ਸਿਹਤ ਨੂੰ ਬਣਾਈ ਰੱਖਣ ਲਈ ਜ਼ਰੂਰੀ ਹੈ।

*ਥਾਇਰੋਇਡ ਰੋਗ ਬਾਬਤ ਭੂਮਿਕਾ*

ਥਾਇਰੋਇਡ ਗ੍ਰੰਥੀ ਉਹ ਹਾਰਮੋਨ ਉਤਪਾਦ ਕਰਦੀ ਹੈ ਜੋ ਸਰੀਰ ਦੇ ਮੈਟਾਬੋਲਿਜ਼ਮ ਲਈ ਅਤਿ ਜ਼ਰੂਰੀ ਹੁੰਦੇ ਹਨ। ਇਹ ਹਾਰਮੋਨ, ਮੁੱਖ ਰੂਪ ਵਿੱਚ ਥਾਇਰੋਕਸਿਨ (ਟ4) ਅਤੇ ਟ੍ਰਾਈਆਈਓਡੋਥਾਇਰੋਨਿਨ (ਟ3), ਸਰੀਰ ਦੇ ਉਰਜਾ ਦੀ ਵਰਤੋਂ 'ਤੇ ਪ੍ਰਭਾਵ ਪਾਉਂਦੇ ਹਨ ਜੋ ਕਿ ਲਗਭਗ ਹਰ ਅੰਗ ਪ੍ਰਣਾਲੀ ਨੂੰ ਪ੍ਰਭਾਵਿਤ ਕਰਦਾ ਹੈ। ਜਦੋਂ ਥਾਇਰੋਇਡ ਸਹੀ ਤਰੀਕੇ ਨਾਲ ਕੰਮ ਕਰਦੀ ਹੈ ਇਹ ਇੱਕ ਸਿਹਤਮੰਦ ਵਜ਼ਨ ਬਣਾਈ ਰੱਖਣ , ਦਿਲ ਦੀ ਧੜਕਨ ਨੂੰ ਨਿਯੰਤ੍ਰਿਤ ਕਰਨ ਅਤੇ ਦਿਮਾਗ ਦੇ ਕਾਰਜ ਨੂੰ ਸਮਰਥਨ ਦੇਣ ਵਿੱਚ ਮਦਦ ਕਰਦੀ ਹੈ। ਪਰ ਜਦੋਂ ਇਹ ਬਹੁਤ ਜਿਆਦਾ ਜਾਂ ਘੱਟ ਕੰਮ ਕਰਦੀ ਹੈ ਤਾਂ ਇਹ ਸਿਹਤ ਨਾਲ ਸੰਬੰਧਿਤ ਵੱਖ-ਵੱਖ ਸਮੱਸਿਆਵਾਂ ਦਾ ਕਾਰਨ ਬਣ ਸਕਦੀ ਹੈ।

*ਥਾਇਰੋਇਡ ਬਿਮਾਰੀਆਂ ਦੇ ਕਾਰਨ*

ਥਾਇਰੋਇਡ ਬਿਮਾਰੀਆਂ ਕਈ ਕਾਰਨਾਂ ਤੋਂ ਹੋ ਸਕਦੀਆਂ ਹਨ, ਜਿਵੇਂ ਕਿ:

1. ਆਤਮ ਪ੍ਰਤੀਕਿਰਿਆ ਵਾਲੀਆਂ ਬਿਮਾਰੀਆਂ: ਹਸ਼ਿਮੋਟੋ ਦੀ ਥਾਇਰੋਇਡਾਈਟਿਸ ਅਤੇ ਗ੍ਰੇਵਜ਼ ਦੀ ਬਿਮਾਰੀ ਵਰਗੀਆਂ ਸ਼੍ਰੇਣੀਆਂ ਉਸ ਵੇਲੇ ਹੁੰਦੀਆਂ ਹਨ ਜਦੋਂ ਇਮਿਊਨ ਪ੍ਰਣਾਲੀ ਗਲਤੀ ਨਾਲ ਥਾਇਰੋਇਡ ਗ੍ਰੰਥੀ 'ਤੇ ਹਮਲਾ ਕਰਦੀ ਹੈ।
2. ਆਈਓਡੀਨ ਦੀ ਘਾਟ: ਆਈਓਡੀਨ ਥਾਇਰੋਇਡ ਹਾਰਮੋਨ ਦੇ ਉਤਪਾਦਨ ਲਈ ਅਤਿ ਜ਼ਰੂਰੀ ਹੈ। ਖੁਰਾਕ ਵਿੱਚ ਆਈਓਡੀਨ ਦੀ ਘਾਟ ਗੋਇਟਰ ਅਤੇ ਹੋਰ ਥਾਇਰੋਇਡ-ਸੰਬੰਧੀ ਸਮੱਸਿਆਵਾਂ ਦਾ ਕਾਰਨ ਬਣ ਸਕਦੀ ਹੈ।
3. ਜਿਨਸੀ ਪੱਧਰ: ਪਰਿਵਾਰਕ ਇਤਿਹਾਸ ਕਿਸੇ ਵਿਅਕਤੀ ਦੀ ਥਾਇਰੋਇਡ ਬਿਮਾਰੀ ਦੇ ਪ੍ਰਤੀ ਸੰਵੇਦਨਸ਼ੀਲਤਾ 'ਤੇ ਮਹੱਤਵਪੂਰਣ ਭੂਮਿਕਾ ਨਿਭਾ ਸਕਦਾ ਹੈ।
4. ਰੇਡੀਏਸ਼ਨ ਦਾ ਸੰਪਰਕ: ਰੇਡੀਏਸ਼ਨ ਦੇ ਸੰਪਰਕ, ਵਿਸ਼ੇਸ਼ ਤੌਰ 'ਤੇ ਕੈਂਸਰ ਦੇ ਇਲਾਜ ਦੌਰਾਨ, ਥਾਇਰੋਇਡ ਗ੍ਰੰਥੀ ਨੂੰ ਨੁਕਸਾਨ ਪਹੁੰਚਾ ਸਕਦਾ ਹੈ।
5. ਦਵਾਈਆਂ: ਕੁਝ ਦਵਾਈਆਂ ਥਾਇਰੋਇਡ ਫੰਕਸ਼ਨ 'ਤੇ ਪ੍ਰਭਾਵ ਪਾ ਸਕਦੀਆਂ ਹਨ ਜਿਸ ਨਾਲ ਹਾਈਪੋਥਾਇਰੋਇਡਿਜ਼ਮ ਜਾਂ ਹਾਈਪਰਥਾਇਰੋਇਡਿਜ਼ਮ ਹੋ ਸਕਦਾ ਹੈ।

*ਥਾਇਰੋਇਡ ਬਿਮਾਰੀਆਂ ਦੀਆਂ ਕਿਸਮਾਂ*

ਥਾਇਰੋਇਡ ਦੀਆਂ ਬਿਮਾਰੀਆਂ ਨੂੰ ਕੁਝ ਮੁੱਖ ਕਿਸਮਾਂ ਵਿੱਚ ਵੰਡਿਆ ਜਾ ਸਕਦਾ ਹੈ:

1. *ਹਾਈਪੋਥਾਇਰੋਇਡਿਜ਼ਮ* : ਇੱਕ ਐਸੀ ਸਥਿਤੀ ਜਿਸ ਵਿੱਚ ਥਾਇਰੋਇਡ ਕਾਫੀ ਹਾਰਮੋਨ ਉਤਪਾਦ ਨਹੀਂ ਕਰਦੀ। ਲੱਛਣਾਂ ਵਿੱਚ ਥਕਾਵਟ, ਵਜ਼ਨ ਵੱਧਣਾ, ਠੰਡ ਨੂੰ ਸਹਿਣ ਕਰਨ ਦੀ ਸਮੱਸਿਆ, ਅਤੇ ਡਿਪ੍ਰੈਸ਼ਨ ਸ਼ਾਮਿਲ ਹੋ ਸਕਦੇ ਹਨ।
2. *ਹਾਈਪਰਥਾਇਰੋਇਡਿਜ਼ਮ* : ਇਹ ਉਸ ਵੇਲੇ ਹੁੰਦਾ ਹੈ ਜਦੋਂ ਥਾਇਰੋਇਡ ਬਹੁਤ ਜਿਆਦਾ ਹਾਰਮੋਨ ਉਤਪਾਦ ਕਰਦੀ ਹੈ। ਲੱਛਣਾਂ ਵਿੱਚ ਵਜ਼ਨ ਘਟਣਾ, ਤੇਜ਼ ਦਿਲ ਦੀ ਧੜਕਨ, ਵੱਧ ਭੁੱਖ, ਅਤੇ ਚਿੰਤਾ ਸ਼ਾਮਿਲ ਹੋ ਸਕਦੇ ਹਨ।
3. ਗਾਇਟਰ: ਇਹ ਥਾਇਰੋਇਡ ਗ੍ਰੰਥੀ ਦਾ ਵੱਡਾ ਹੋਣਾ ਹੈ ਜੋ ਕਿ ਹਾਈਪੋਥਾਇਰੋਇਡਿਜ਼ਮ ਅਤੇ ਹਾਈਪਰਥਾਇਰੋਇਡਿਜ਼ਮ ਦੋਹਾਂ ਵਿੱਚ ਹੋ ਸਕਦਾ ਹੈ।
4. ਥਾਇਰੋਇਡ ਨੌਡਲਸ: ਇਹ ਥਾਇਰੋਇਡ ਗ੍ਰੰਥੀ ਵਿੱਚ ਗੰਡਾ ਹੁੰਦੀਆਂ ਹਨ ਜੋ ਕਿ ਬੇਨੀਗਨ ਜਾਂ ਮਾਲਿਗਨੈਂਟ ਹੋ ਸਕਦੀਆਂ ਹਨ।
5. ਥਾਇਰੋਇਡ ਕੈਂਸਰ: ਹਾਲਾਂਕਿ ਇਹ ਰੈਸ਼ੀ ਆਲਮੀ ਹੈ ਪਰ ਇਹ ਵਿਕਸਤ ਹੋ ਸਕਦਾ ਹੈ ਅਤੇ ਇਸਦੀ ਸਰਜਰੀ ਦੀ ਲੋੜ ਹੋ ਸਕਦੀ ਹੈ।

*ਬਚਾਅ ਅਤੇ ਪਹਿਲਾਂ ਹੀ ਪਛਾਣ*

ਥਾਇਰੋਇਡ ਬਿਮਾਰੀਆਂ ਤੋਂ ਬਚਾਅ ਜਾਗਰੂਕਤਾ ਅਤੇ ਸਿੱਖਿਆ ਨਾਲ ਸ਼ੁਰੂ ਹੁੰਦਾ ਹੈ। ਕੁਝ ਮੁੱਖ ਰਣਨੀਤੀਆਂ ਹਨ:

• ਯੋਗ ਆਈਓਡੀਨ ਖੁਰਾਕ: ਖੁਰਾਕ ਵਿੱਚ ਯੋਗ ਆਈਓਡੀਨ ਨੂੰ ਯਕੀਨੀ ਬਣਾਉਣਾ ਆਈਓਡੀਜ਼ ਕੀਤਾ ਨਮਕ ਜਾਂ ਆਈਓਡੀਨ-ਯੁਕਤ ਖੁਰਾਕਾਂ ਦੁਆਰਾ ਬਹੁਤ ਸਾਰੀਆਂ ਥਾਇਰੋਇਡ ਬਿਮਾਰੀਆਂ ਤੋਂ ਬਚਣ ਵਿੱਚ ਮਦਦ ਕਰ ਸਕਦਾ ਹੈ।

• ਨਿਯਮਿਤ ਜਾਂਚ: ਥਾਇਰੋਇਡ ਹਾਰਮੋਨ ਦੀਆਂ ਪੱਧਰੀਆਂ ਨੂੰ ਨਿਗਾਹ ਰੱਖਣ ਲਈ ਸਮੇਂ ਸਮੇਂ ਸਿਰ ਖੂਨ ਦੀ ਜਾਂਚ ਕਰਵਾਉਣਾ ਪਹਿਲਾਂ ਹੀ ਪਛਾਣ ਲਈ ਮਹੱਤਵਪੂਰਣ ਹੈ ਖਾਸ ਕਰਕੇ ਉਹਨਾਂ ਵਿਅਕਤੀਆਂ ਲਈ ਜਿਨ੍ਹਾਂ ਦਾ ਪਰਿਵਾਰਕ ਇਤਿਹਾਸ ਹੈ।

• ਸਿਹਤਮੰਦ ਜੀਵਨ ਸ਼ੈਲੀ ਚੁਣਾਵ: ਸੰਤੁਲਿਤ ਖੁਰਾਕ ਨੂੰ ਚੁਣਨਾ, ਰੋਜ਼ਾਨਾ ਸਰੀਰਕ ਸਰਗਰਮੀ ਵਿੱਚ ਸ਼ਾਮਿਲ ਹੋਣਾ ਅਤੇ ਤਣਾਵ ਨੂੰ ਪ੍ਰਬੰਧਿਤ ਕਰਨਾ ਕੁੱਲ ਮਿਲਾ ਕੇ ਥਾਇਰੋਇਡ ਸਿਹਤ ਵਿੱਚ ਯੋਗਦਾਨ ਪਾ ਸਕਦਾ ਹੈ।

*ਉਪਚਾਰ ਵਿਕਲਪ*

ਥਾਇਰੋਇਡ ਬਿਮਾਰੀਆਂ ਦਾ ਉਪਚਾਰ ਕਿਸਮ ਅਤੇ ਗੰਭੀਰਤਾ ਦੇ ਅਧਾਰ 'ਤੇ ਵੱਖ-ਵੱਖ ਹੁੰਦਾ ਹੈ:

• ਹਾਈਪੋਥਾਇਰੋਇਡਿਜ਼ਮ ਦਾ ਇਲਾਜ ਆਮ ਤੌਰ 'ਤੇ ਸਿੰਥੇਟਿਕ ਹਾਰਮੋਨ ਬਦਲਾਅ ਉਪਚਾਰ (ਲੇਵੋਥਾਇਰੋਕਸਿਨ) ਨਾਲ ਕੀਤਾ ਜਾਂਦਾ ਹੈ ਤਾਂ ਜੋ ਹਾਰਮੋਨ ਪੱਧਰੀਆਂ ਨੂੰ ਸੁਧਾਰਿਆ ਜਾ ਸਕੇ।

• ਹਾਈਪਰਥਾਇਰੋਇਡਿਜ਼ਮ ਲਈ ਐਂਟੀਥਾਇਰੋਇਡ ਦਵਾਈਆਂ, ਰੇਡੀਓਐਕਟਿਵ ਆਈਓਡੀਨ ਦਾ ਇਲਾਜ ਜਾਂ ਗੰਭੀਰ ਮਾਮਲਿਆਂ ਵਿੱਚ ਸਰਜਰੀ ਦੀ ਲੋੜ ਪੈ ਸਕਦੀ ਹੈ।

• ਥਾਇਰੋਇਡ ਨੌਡਲਸ ਜਾਂ ਕੈਂਸਰ ਤੇ ਨਿਗਾਹ ਰੱਖਣ ਜਾਂ ਉਸਦੀ ਪ੍ਰਕਾਰ ਅਤੇ ਲੱਛਣਾਂ ਦੇ ਅਧਾਰ 'ਤੇ ਸਰਜਰੀ ਦੀ ਲੋੜ ਪੈ ਸਕਦੀ ਹੈ।

ਜਦੋਂ ਅਸੀਂ ਵਿਸ਼ਵ ਥਾਇਰੋਇਡ ਦਿਵਸ ਮਨਾਉਂਦੇ ਹਾਂ ਇਹ ਮਹੱਤਵਪੂਰਣ ਹੈ ਕਿ ਅਸੀਂ ਥਾਇਰੋਇਡ ਸਿਹਤ ਦੀ ਮਹੱਤਤਾ ਅਤੇ ਬਿਮਾਰੀਆਂ ਦੇ ਪ੍ਰਭਾਵ ਨੂੰ ਸਵੀਕਾਰ ਕਰੀਏ ਜੋ ਦੁਨੀਆ ਭਰ ਵਿੱਚ ਕਰੋੜਾਂ ਲੋਕਾਂ ਨੂੰ ਪ੍ਰਭਾਵਿਤ ਕਰਦੀਆਂ ਹਨ। ਜਾਗਰੂਕਤਾ ਵਧਾਉਣ, ਰੋਕਥਾਮ ਦੇ ਉਪਾਅ ਨੂੰ ਹੱਲਾਸ਼ੇਰੀ ਦਈਏ ਅਤੇ ਪ੍ਰਭਾਵਸ਼ਾਲੀ ਇਲਾਜ ਤੱਕ ਪਹੁੰਚ ਯਕੀਨੀ ਬਣਾਉਣ ਨਾਲ ਅਸੀਂ ਥਾਇਰੋਇਡ ਬਿਮਾਰੀਆਂ ਨਾਲ ਪੀੜਤ ਲੋਕਾਂ ਲਈ ਨਤੀਜੇ ਸੁਧਾਰ ਸਕਦੇ ਹਾਂ। ਆਓ, ਇਸ ਮੌਕੇ ਨੂੰ ਆਪਣੇ ਆਪ ਨੂੰ ਅਤੇ ਹੋਰਾਂ ਨੂੰ ਥਾਇਰੋਇਡ ਗ੍ਰੰਥੀ ਦੀ ਮਹੱਤਤਾ ਬਾਰੇ ਸਿੱਖਣ ਦਾ ਮੌਕਾ ਦੇਈਏ ਅਤੇ ਸਭ ਦੇ ਲਈ ਨਰੋਈ ਸਿਹਤ ਲਈ ਆਸ ਤੇ ਅਰਦਾਸ ਕਰੀਏ।



**ਡਾ.ਸੁਰਿੰਦਰਪਾਲ ਸਿੰਘ**
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ
ਪੰਜਾਬ।

# ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਪੰਜਾਬੀ ਵਿਆਪਕਤਾ ਨੂੰ ਨਵਾਂ ਰੂਪ ਦੇਵੇਗੀ-ਡਾ ਅਮਰਜੀਤ ਟਾਂਡਾ



ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਪਹਿਲਾਂ ਹੀ ਵੈਬਨਾਰਾਂ, ਮੁਸ਼ਾਇਰਿਆਂ ਅਤੇ ਕਵੀ ਦਰਬਾਰਾਂ ਦੁਆਰਾ ਵਿਸ਼ਵ ਪੰਜਾਬੀ ਸਾਹਿਤ ਨੂੰ ਜੀਉਂਦਾ ਰੱਖ ਰਹੀ ਹੈ, ਪਰ ਇਸ ਤੋਂ ਵੀ ਵੱਡੇ ਰੋਲ ਨਿਭਾਉਣ ਲਈ ਬ੍ਰਹਮੰਡੀ ਗੋਸ਼ਟੀਆਂ ਵਰਗੀਆਂ ਪਹਿਲਕਦਮੀਆਂ ਵੀ ਕਰ ਰਹੀ ਹੈ। ਇਹ ਅਕਾਦਮੀ ਫ਼ਿਲਾਸਫ਼ੀਕਲ ਅਤੇ ਸਾਹਿਤਕ ਨਜ਼ਰੀਏ ਨਾਲ ਪੰਜਾਬੀ ਵਿਆਪਕਤਾ ਨੂੰ ਨਵਾਂ ਰੂਪ ਦੇਵੇਗੀ ।

**ਅਕਾਦਮੀ ਦਾ ਵਿਸ਼ਾਲ ਰੋਲ**

ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਨੂੰ ਵਿਸ਼ਵ ਭਰ ਦੇ ਪੰਜਾਬੀ ਡਾਇਸਪੋਰਾ ਵਿੱਚ ਡਿਜੀਟਲ ਲਾਇਬ੍ਰੇਰੀਆਂ ਅਤੇ ਏਆਈ-ਅਧਾਰਤ ਸਾਹਿਤਕ ਪਲੇਟਫਾਰਮ ਬਣਾਵੇਗੀ , ਜਿੱਥੇ ਪੁਰਾਣੀਆਂ ਕਵਿਤਾਵਾਂ ਤੋਂ ਲੈ ਕੇ ਨਵੀਆਂ ਰਚਨਾਵਾਂ ਤੱਕ ਸਭ ਕੁਝ ਉਪਲਬਧ ਹੋਵੇ।

ਇਹ ਨਾ ਸਿਰਫ਼ ਪੰਜਾਬੀ ਭਾਸ਼ਾ ਨੂੰ ਬਚਾਏਗਾ, ਸਗੋਂ ਨੌਜਵਾਨਾਂ ਨੂੰ ਆਪਣੀ ਵਿਰਾਸਤ ਨਾਲ ਵੀ ਜੋੜੇਗਾ। ਇਸ ਨਾਲ ਅਕਾਦਮੀ ਇੱਕ ਗਲੋਬਲ ਹੱਬ ਬਣ ਜਾਵੇਗੀ, ਜਿੱਥੇ ਪੰਜਾਬੀ ਸੋਚ ਨੂੰ ਵਿਸ਼ਵ ਸਾਹਿਤ ਨਾਲ ਜੋੜਿਆ ਜਾਵੇ।

**ਫ਼ਿਲਾਸਫ਼ੀਕਲ ਵਿਜ਼ਨ**

ਫ਼ਿਲਾਸਫ਼ਰ ਵਾਂਗ ਸੋਚੀਏ ਤਾਂ ਪੰਜਾਬੀ ਸਾਹਿਤ ਬ੍ਰਹਮੰਡ ਦੀ ਇੱਕ ਰੰਗੀਨ ਤਸਵੀਰ ਹੈ, ਜੋ ਧਰਤੀ ਤੋਂ ਬਾਹਰ ਵੀ ਚਮਕ ਸਕਦੀ ਹੈ। ਅਕਾਦਮੀ ਸੈਟੇਲਾਈਟ ਵਰਗੇ ਪ੍ਰੋਗਰਾਮ ਵੀ ਚਲਾਵੇਗੀ —ਪੰਜਾਬੀ ਕਵਿਤਾ ਨੂੰ ਅੰਤਰਰਾਸ਼ਟਰੀ ਭਾਸ਼ਾਵਾਂ ਵਿੱਚ ਅਨੁਵਾਦ ਕਰਕੇ ਯੂਨੈਸਕੋ ਵਰਗੇ ਮੰਚਾਂ ਤੱਕ ਪਹੁੰਚਾਵੇਗੀ।

ਇਹ ਰੋਲ ਪੰਜਾਬੀ ਨੂੰ ਸਿਰਫ਼ ਭਾਸ਼ਾ ਨਹੀਂ, ਸਗੋਂ ਫ਼ਲਸਫ਼ੇ ਦਾ ਰੂਪ ਦੇਵੇਗਾ, ਜਿੱਥੇ ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਸਮਕਾਲੀ ਸ਼ਾਇਰਾਂ ਦੀਆਂ ਗੱਲਾਂ ਬ੍ਰਹਮੰਡੀ ਚੇਤਨਾ ਨਾਲ ਜੁੜ ਜਾਣਗੀਆਂ।

**ਸਾਹਿਤਕ ਪ੍ਰੋਗਰਾਮ**

ਡਾਇਸਪੋਰਾ ਲਿਖਾਰੀਆਂ ਲਈ ਵਰਕਸ਼ਾਪਾਂ:

ਆਸਟ੍ਰੇਲੀਆ, ਕੈਨੇਡਾ ਵਰਗੇ ਦੇਸ਼ਾਂ ਵਿੱਚ ਲੋਕਲ ਵਰਕਸ਼ਾਪਾਂ ਨਾਲ ਨਵੇਂ ਲੇਖਕ ਤਿਆਰ ਕਰੇਗੀ, ਜੋ ਪੰਜਾਬੀ ਨੂੰ ਮਾਡਰਨ ਥੀਮਾਂ ਨਾਲ ਜੋੜਨਗੇ।

ਸਾਹਿਤਕ ਫ਼ਿਲਮ ਫੈਸਟੀਵਲ:

ਪੰਜਾਬੀ ਕਵਿਤਾ ਤੇ ਕਹਾਣੀਆਂ ਤੇ ਫ਼ਿਲਮਾਂ ਬਣਾਈਆਂ ਜਾਣਗੀਆਂ, ਜੋ ਨੈੱਟਫਲਿਕਸ ਵਰਗੇ ਪਲੇਟਫਾਰਮਾਂ ਤੱਕ ਪਹੁੰਚਣ।

ਗਲੋਬਲ ਪੋਇਟਰੀ ਸਲਾਮ:

ਵਿਸ਼ਵ ਪੱਧਰੀ ਆਨਲਾਈਨ ਮੁਕਾਬਲੇ, ਜਿੱਥੇ ਪੰਜਾਬੀ ਕਵੀ ਹੋਰ ਭਾਸ਼ਾਵਾਂ ਨਾਲ ਟੱਕਰ ਲੈਣ, ਜਿਵੇਂ ਵਰਲਡ ਕਵੀ ਸਲਾਮ।

ਇਹ ਸਾਰੇ ਰੋਲ ਅਕਾਦਮੀ ਨੂੰ ਇੱਕ ਬ੍ਰਹਮੰਡੀ ਤਾਰੇ ਵਾਂਗ ਚਮਕਾਉਣਗੇ, ਜਿੱਥੇ ਪੰਜਾਬੀ ਸਾਹਿਤ ਨਾ ਸਿਰਫ਼ ਜੀਵੇਗਾ, ਸਗੋਂ ਵਿਸ਼ਵ ਨੂੰ ਵੀ ਰੌਸ਼ਨੀ ਵੰਡੇਗਾ।

ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਨਵੀਂ ਲੜੀ ਦੇ ਲੇਖਕਾਂ ਨੂੰ ਪ੍ਰਸਿੱਖਣ ਲਈ ਢੁਕਵੀਆਂ ਆਨਲਾਈਨ ਅਤੇ ਆਫ਼ਲਾਈਨ ਵਰਕਸ਼ਾਪਾਂ, ਮੈਂਟਰਸ਼ਿਪ ਪ੍ਰੋਗਰਾਮਾਂ ਅਤੇ ਡਾਇਸਪੋਰਾ ਵਿੱਚ ਲੋਕਲ ਵੈਲਿਊ ਚਲਾ ਕੇ ਤਿਆਰ ਕਰੇਗੀ।

ਇਹ ਪ੍ਰੋਗਰਾਮ ਪੰਜਾਬੀ ਵਿਰਾਸਤ ਨੂੰ ਨਵੀਂ ਪੀੜ੍ਹੀ ਨਾਲ ਜੋੜਨ ਵਿੱਚ ਮੁੱਖ ਭੂਮਿਕਾ ਨਿਭਾਉਣਗੇ। ਫ਼ਿਲਾਸਫ਼ੀਕਲ ਨਜ਼ਰੀਏ ਨਾਲ ਵੇਖੀਏ ਤਾਂ ਇਹ ਅਕਾਦਮੀ ਲੇਖਕ ਨੂੰ ਬੀਜ ਵਾਂਗ ਬੀਜ ਕੇ ਪੰਜਾਬੀ ਸਾਹਿਤ ਦੇ ਜੰਗਲ ਨੂੰ ਵਧਾਏਗੀ।

**ਆਨਲਾਈਨ ਵਰਕਸ਼ਾਪਾਂ**

ਅਕਾਦਮੀ ਜ਼ੂਮ ਜਾਂ ਫ਼ੇਸਬੁੱਕ ਲਾਈਵ ਰਾਹੀਂ ਹਫ਼ਤਾਵਾਰ ਵਰਕਸ਼ਾਪਾਂ ਚਲਾਵੇਗੀ , ਜਿੱਥੇ ਨਵੇਂ ਲੇਖਕ ਕਵਿਤਾ, ਕਹਾਣੀ ਅਤੇ ਲੇਖ ਲਿਖਣ ਦੀ ਕਲਾ ਸਿੱਖਣਗੇ।

ਸੀਨੀਅਰ ਸ਼ਾਇਰ ਮੈਂਟਰ ਬਣ ਕੇ ਨਵੀਆਂ ਰਚਨਾਵਾਂ ਨੂੰ ਉਤਸ਼ਾਹਿਤ ਕਰਕੇ ਫੀਡਬੈਕ ਦੇਣਗੇ, ਜਿਵੇਂ ਪਹਿਲਾਂ ਹੁੰਦਾ ਆਇਆ ਹੈ। ਇਹ ਨੌਜਵਾਨਾਂ ਨੂੰ ਆਧੁਨਿਕ ਥੀਮਾਂ ਨਾਲ ਪੰਜਾਬੀ ਨੂੰ ਜੋੜਨ ਵਿੱਚ ਮਾਹਰ ਬਣਾਏਗਾ।

**ਡਾਇਸਪੋਰਾ ਮੈਂਟਰਸ਼ਿਪ**

ਕੈਲੀਫ਼ੋਰਨੀਆ, ਆਸਟ੍ਰੇਲੀਆ ਵਰਗੇ ਖੇਤਰਾਂ ਵਿੱਚ ਲੋਕਲ ਚੈਪਟਰ ਬਣਾ ਕੇ ਨਵੇਂ ਲੇਖਕਾਂ ਨੂੰ ਸੀਨੀਅਰਾਂ ਨਾਲ ਜੋੜਿਆ ਜਾਵੇਗਾ, ਜਿੱਥੇ ਉਹ ਰੂ-ਬ-ਰੂ ਮੀਟਿੰਗਾਂ ਵਿੱਚ ਰਚਨਾ ਪੜ੍ਹ ਕੇ ਚਰਚਾ ਕਰਨ।

ਪੁਰਸਕਾਰ ਜਾਂ ਪ੍ਰਕਾਸ਼ਨ ਦੇ ਮੌਕੇ ਦੇ ਕੇ ਉਨ੍ਹਾਂ ਨੂੰ ਪ੍ਰੇਰਿਤ ਕਰਿਆ ਜਾਵੇਗਾ, ਜਿਵੇਂ ਸਾਹਿਤਕ ਅਕਾਦਮੀਆਂ ਨੇ ਪਹਿਲਾਂ ਕੀਤਾ। ਇਸ ਢੰਗ ਨਾਲ ਡਾਇਸਪੋਰਾ ਦੇ ਨੌਜਵਾਨ ਆਪਣੀ ਭਾਸ਼ਾ ਨੂੰ ਜਿਉਂਦਾ ਰੱਖਣਗੇ।

**ਪ੍ਰੈਕਟੀਕਲ ਪ੍ਰੋਗਰਾਮ ਲਿਖਣ ਮੁਕਾਬਲੇ:** ਹਰ ਤਿਮਾਹੀ ਵਿਸ਼ਾ ਨਿਰਧਾਰਤ ਕਰਕੇ ਐਂਟਰੀ ਲੈ ਅਤੇ ਜੇਤੂਆਂ ਨੂੰ ਪ੍ਰਕਾਸ਼ਿਤ ਕੀਤਾ ਜਾਵੇਗਾ।

**ਪਾਠਕ ਵਰਕਸ਼ਾਪ:** ਨਵੇਂ ਲੇਖਕਾਂ ਨੂੰ ਪੁਰਾਣੇ ਸਾਹਿਤ ਪੜ੍ਹਨ ਲਈ ਉਤਸ਼ਾਹਿਤ ਕੀਤਾ ਜਾਵੇਗਾ, ਜਿਵੇਂ ਨਾਨਕ ਸਿੰਘ ਦੀਆਂ ਰਚਨਾਵਾਂ, ਤਾਂ ਜੋ ਉਹ ਮੁਕੰਦੀ ਬਣਨ।

ਡਿਜੀਟਲ ਟੂਲਜ਼ ਟ੍ਰੇਨਿੰਗ: ਰੀਲਜ਼ ਅਤੇ ਪੋਡਕਾਸਟ ਬਣਾਉਣੇ ਸਿਖਾਏ ਜਾਣਗੇ, ਜੋ ਪੰਜਾਬੀ ਸਾਹਿਤ ਨੂੰ ਵਾਇਰਲ ਕਰਨਗੇ।

ਇਹ ਸਾਰੇ ਨਵੀਨਤਮ ਤਰੀਕੇ ਅਕਾਦਮੀ ਨੂੰ ਭਵਿੱਖ ਦੇ ਸਾਹਿਤਕ ਤਾਰਿਆਂ ਦਾ ਕੇਂਦਰ ਬਣਾਉਣਗੇ।

ਅਸੀਂ ਸਾਰੇ ਦੇਸ਼ਾਂ ਵਿਦੇਸ਼ਾਂ ਵਿੱਚ ਬੈਠੇ ਕੰਪਿਊਟਰ ਮਾਹਿਰਾਂ ਸਾਹਿਤਕਾਰਾਂ ਨੂੰ ਬੇਨਤੀ ਕਰਾਂਗੇ ਕਿ ਉਹ ਸਾਨੂੰ ਆਪਣਾ ਵੱਧ ਤੋਂ ਵੱਧ ਪੂਰਾ ਸਹਿਯੋਗ ਦੇਣ।

ਇਸ ਤਰ੍ਹਾਂ ਪੰਜਾਬੀ ਸਾਹਿਤ ਦਾ ਵਿਸ਼ਵ ਭਰ ਦੇ ਵਿੱਚ ਵਿਕਾਸ ਹੋਣਾ ਸ਼ੁਰੂ ਹੋ ਜਾਵੇਗਾ ਤੇ ਸੱਭਿਆਚਾਰ ਵਿਰਸਾ ਵੀ ਪ੍ਰਫੁੱਲਤ ਹੋਵੇਗਾ।

# ਗਿਆਨ ਦੇ ਮਹਾਂਸਾਗਰ–ਸਤਿਗੁਰੂ ਰਵਿਦਾਸ ਜੀ

ਸਤਿਗੁਰੂ ਰਵਿਦਾਸ ਮਹਾਰਾਜ ਜੀ ਭਾਰਤ ਦੇ ਇੱਕ ਮਹਾਨ ਕ੍ਰਾਂਤੀਕਾਰੀ ਸੰਤ, ਟੁੱਟੀਆਂ ਤਕਦੀਰਾਂ ਨੂੰ ਗੰਢਣ ਵਾਲੇ, ਸਮਾਨਤਾ ,ਸੁਤੰਤਰਤਾ ਭਾਈਚਾਰਾ ਤੇ ਨਿਆ ਦੇ ਹਾਮੀ, ਹੱਕ ਸੱਚ ਦੀ ਆਵਾਜ਼ ਨੂੰ ਬੁਲੰਦ ਕਰਨ ਵਾਲੇ, ਬੇਗਮਪੁਰੇ ਦੇ ਚਿੰਤਕ, ਮਹਾਨ ਵਿਦ-ਵਾਨ, ਅਨੇਕਾਂ ਭਾਸ਼ਾਵਾਂ ਦੇ ਗਿਆਤਾ, ਗਿਆਨ ਦੇ ਮਹਾਂਸਾਗਰ, ਪ੍ਰੀਤ ਦੇ ਸਿਧਾਂਤਵਾਦੀ, ਨੇਕ ਦਿਲੀ ਸ਼ਖਸ਼ੀਅਤ, ਜਾਤ -ਪਾਤ ਰਹਿਤ ਸਮਾਜ ਦੇ ਹਾਮੀ, ਬਹੁਜਨਾਂ ਦਾ ਰਾਜ ਭਾਗ ਲਿਆਉਣ ਦੇ ਤੱਤਵੇਤ, ਨਿਡਰ ਯੋਧੇ,ਮਾਨਵਤਾਵਾਦੀਸੋਚ ਦੇ ਧਾਰਨੀ, ਨਾਰੀ ਜਾਤੀ ਨੂੰ ਬਰਾਬਰੀ ਦਾ ਸਨਮਾਨ ਦੇਣ ਵਾਲੇ, ਸੱਚੇ - ਸੁੱਚੇ ਕ੍ਰਾਂਤੀਕਾਰੀ ਰਹਿਬਰ, ਨੀਵਿਆਂ ਨੂੰ ਉੱਚੇ ਕਰਨ ਵਾਲੇ, ਪਾਖੰਡਵਾਦ ਤੇ ਅਡੰਬਰਵਾਦ ਦੇ ਸਖਤ ਵਿਰੋਧੀ, ਭਗਤੀ ਲਹਿਰ ਦੇ ਮੋਢੀ , ਇਨਸਾਨੀਅਤ ਦੇ ਪਹਿਰੇ-ਦਾਰ, ਮਾਨਵਤਾ ਦੇ ਗੁਰੂ, ਸਮਾਜ ਸੁਧਾਰਕ, ਉੱਚ ਕੋਟੀ ਦੇ ਬਾਣੀਕਾਰ ਅਤੇ ਕੌਮ ਨੂੰ ਹਮੇਸ਼ਾ ਚੜ੍ਹਦੀ ਕਲਾ 'ਚ ਦੇਖਣ ਵਾਲੇ ਦੂਰਦਰਸ਼ੀ ਮਹਾਂਪੁਰਸ਼ ਸਨ। ਸਤਿਕਾਰਯੋਗ ਮਾਤਾ ਸ਼੍ਰੀਮਤੀ ਕਲਸਾਂ ਦੇਵੀ ਜੀ ਦੀ ਪਵਿੱਤਰ ਕੁੱਖੋਂ, ਸਤਿਕਾਰਯੋਗ ਪਿਤਾ ਸ਼੍ਰੀ ਸੰਤੋਖ ਦਾਸ ਜੀ ਦੇ ਗ੍ਰਹਿ ਵਿਖੇ ਸੀਰ ਗੋਵਰਧਨਪੁਰ ਬਨਾਰਸ ਕਾਂਸ਼ੀ, ਉੱਤਰ ਪ੍ਰਦੇਸ਼ ਦੀ ਪਵਿੱਤਰ ਧਰਤੀ 'ਤੇ ਇੱਕ ਗਰੀਬ ਰਵਿਦਾਸੀਆ ਪਰਿਵਾਰ 'ਚ 1377 ਈਸਵੀ ਨੂੰ ਇਕ ਰੱਬੀ ਜੋਤ ਪ੍ਰਗਟ ਹੋਈ। ਇਸੇ ਅਸਥਾਨ 'ਤੇ ਯਾਦਗਾਰ ਵਜੋਂ ਡੇਰਾ ਸੰਤ ਸਰਵਣ ਦਾਸ ਜੀ,ਸੱਚਖੰਡ ਬੱਲਾਂ, ਜਲੰਧਰ (ਪੰਜਾਬ) ਦੇ ਮਹਾਨ ਮਹਾਂਪੁਰਸ਼ਾਂ ਵੱਲੋਂ ਇਕ ਇਤਿਹਾਸਿਕ ਆਲੀਸ਼ਾਨ ਸੱਤ ਮੰਜ਼ਿਲਾਂ ਮੰਦਰ ਉਸਾਰਿਆ ਗਿਆ ਹੈ।ਜਿੱਥੇ ਰੋਜ਼ਾਨਾ ਹੀ ਲੱਖਾਂ ਸ਼ਰਧਾਲੂ ਸੰਗਤਾਂ ਨਤਮਸਤਕ ਹੋ ਕੇ ਆਪਣਾ ਜੀਵਨ ਸਫ਼ਲ ਕਰਦੀਆਂ ਹਨ। ਮੰਦਰ ਦੇ ਮੁੱਖ ਦਰਵਾਜ਼ੇ ਨੂੰ ਦੇਸ਼ -ਵਿਦੇਸ਼ ਦੀਆਂ ਸੰਗਤਾਂ ਵੱਲੋਂ ਸਤਿਕਾਰ ਵਜੋਂ ਸੋਨੇ ਨਾਲ ਮੜਨ ਦਾ ਮਹਾਨ ਕਾਰਜ ਕੀਤਾ ਗਿਆ ਹੈ, ਜੋ ਪ੍ਰਸੰਸਾਯੋਗ ਹੈ। ਆਪ ਜੀ ਦਾ ਜੀਵਨ ਬੜਾ ਗੌਰਵਮਈ ਤੇ ਵਿਲੱਖਣ ਸੀ। ਆਪ ਜੀ ਦੀ ਬਾਣੀ ਵਿੱਚ ਪੇਸ਼ ਕੀਤਾ ਗਿਆ ਉੱਚਾ ਤੇ ਸੁੱਚਾ ਉਪਦੇਸ਼ ਸਦੀਆਂ ਤੋਂ ਲੋਕਾਂ ਲਈ ਰੂਹਾਨੀ ਚਾਨਣ ਮੁਨਾਰੇ ਦਾ ਕੰਮ ਕਰ ਰਿਹਾ ਹੈ। ਆਪ ਜੀ ਨੇ ਹਜ਼ਾਰਾਂ ਕਿਲੋਮੀਟਰ ਪੈਦਲ ਚੱਲ ਕੇ ਵਿਸ਼ਵ ਦੀ ਸਮੁੱਚੀ ਮਨੁੱਖਤਾ ਨੂੰ ਸੱਚ ਤੇ ਉਸਾਰੂ ਜੀਵਨ ਜਿਉਣ ਦੀ ਉੱਤਮ ਸੇਧ ਦਿੱਤੀ ।

*ਅਨੇਕਾਂ ਭਾਸ਼ਾਵਾਂ ਦੇ ਗਿਆਤਾ:ਗੁਰੂ ਰਵਿਦ-ਾਸ ਮਹਾਰਾਜ ਜੀ ਅਨੇਕਾਂ ਭਾਸ਼ਾਵਾਂ ਦੇ ਗਿਆਤਾ ਹੀ ਨਹੀਂ ਸਨ,ਸਗੋਂ ਗਿਆਨ ਦੇ ਮਹਾਂਸਾਗਰ ਵੀ ਸਨ, ਜਿਵੇਂ ਫਾਰਸੀ, ਅਰਬੀ, ਸੰਸਕ੍ਰਿਤ ,ਸਿੰਧੀ ਤੇ ਗੁਰਮੁਖੀ ਭਾਸ਼ਾ ਆਦਿ ਵਿਚ ਚੰਗੀ ਪਕੜ ਰੱਖਦੇ ਸਨ। ਆਪ ਜੀ ਦੀ ਬਾਣੀ 'ਚ "ਬੇਗਮਪੁਰਾ ਸਹਰ ਕੋ ਨਾਓ " ਸ਼ਬਦ 'ਚ ਅਰਬੀ ਭਾਸ਼ਾ ਦੇ ਸ਼ਬਦ ਮਿਲਦੇ ਹਨ -ਖਉਫ,ਤਸਵੀਸ, ਮਾਮੂਰ, ਮਾਲੁ, ਖਿਰਾਜ ,ਗਨੀ,ਮਹਲ, ਮਹਿਰਮ, ਆਦਿ। ਸਿੰਧੀ ਭਾਸ਼ਾ 'ਚੋਂ ਇੱਕ ਸ਼ਬਦ ਵਿਟਾਰਨ ਹੈ, ਜਿਸ ਦਾ ਅਰਥ ਹੈ ਜੂਠਾ ਕਰਨਾ।ਫ਼ਾਰਸੀ ਭਾਸ਼ਾ ਦੇ ਸ਼ਬਦ -ਆਬਾਦਾਨ, ਅੰਦੋਹੁ, ਸੁਪੇਦ, ਖੁਆਰੂ, ਗਰੀਬ ਨਿਵਾਜੁ, ਬੇਗਮਪੁਰਾ, ਵਤਨਗਾਹ, ਦੋਮ, ਪੋਚ, ਪਾਤਿਸ਼ਾਹ ਅਤੇ ਪੁਰਸਲਾਤ ਆਦਿ ਮਿਲਦੇ ਹਨ।ਗੁਰੂ ਜੀ ਦਾ ਆਗਮਨ ਸਥਾਨ ਸੀਰ ਗੋਵਰਧਨਪੁਰ ਬਨਾਰਸ, ਉੱਤਰ ਪ੍ਰਦੇਸ਼ ਹੋਣ ਕਰਕੇ ਸੰਸਕ੍ਰਿਤ ਭਾਸ਼ਾ ਦਾ ਪ੍ਰਭਾਵ ਉਹਨਾਂ 'ਤੇ ਪੈਣਾ ਲਾਜ਼ਮੀ ਸੀ। ਆਪ ਜੀ ਦੀ ਬਾਣੀ ਵਿੱਚ ਸੰਸਕ੍ਰਿਤ ਭਾਸ਼ਾ ਦੇ ਸ਼ਬਦ- ਉਪਮਾ, ਅਵਘਟ, ਅਗਮ, ਅਉਹਾਰ, ਕਾਮਧੇਨ,ਊਚਾ,ਉਰਸਾ, ਅਉਗਨ, ਅਰਬਿੰਦ, ਅਬਿਬੇਕ ,ਸੈਲ, ਮੁਕੰਦ, ਸੁਖਸਾਗਰ, ਬਨਜਾਰੋ,ਮਾਧਉ, ਮਖੀਰਾ, ਭੁਇਅੰਗਾ ,ਮਜੀਠ ਆਦਿ ਮਿਲਦੇ ਹਨ।

ਪ੍ਰੀਤ ਦੇ ਸਿਧਾਂਤ: ਦੁਨੀਆਂ ਵਿੱਚ ਲੱਖਾਂ ਸੰਤ ਆਏ ਪਰ ਰਾਜਾ ਸਿਕੰਦਰ ਲੋਧੀ ਨੂੰ ਝੁਕਾਉਣ ਵਾਲੇ ਸਿਰਫ ਸਤਿਗੁਰੂ ਰਵਿਦਾਸ ਮਹਾਰਾਜ ਜੀ ਹੀ ਸਨ। 'ਓਸ਼ੋ 'ਆਪਣੀ ਪੁਸਤਕ "ਮਨ ਹੀ ਪੂਜਾ ਮਨ ਹੀ ਧੂਫ " 'ਚ ਗੁਰੂ ਰਵਿਦ-ਾਸ ਜੀ ਬਾਰੇ ਲਿਖਦੇ ਹਨ ਕਿ,"ਮਹਿਲਾਂ ਵਾਲਿਆਂ ਦੇ ਤਾਂ ਗਰੀਬ ਲੋਕ ਜਾਂਦੇ ਦੇਖੇ ਆ, ਪਰ ਇੱਕ ਗਰੀਬ ਦੀ ਛੱਪਰੀ ਵਿੱਚ ਰਾਜਾ ਸਿਕੰਦਰ ਲੋਧੀ ਪਹਿਲੀ ਵਾਰ ਆਉਂਦਾ ਦੇਖਿਆ।" ਇਹ ਸਭ ਗੁਰੂ ਜੀ ਦੀ ਪ੍ਰੇਮਾ ਭਗਤੀ ,ਪ੍ਰੀਤ ਦੇ


SATGURU RAVIDASS MAHARAJ JI

ਸਿਧਾਂਤ ਸਦਕਾ, ਮਾਨਵਤਾਵਾਦੀ ਸੋਚ ਤੇ ਸੱਚੀ ਸੁੱਚੀ ਵਿਚਾਰਧਾਰਾ ਅਤੇ ਬੇਮਿਸਾਲ ਸ਼ਖਸ਼ੀਅਤ ਦਾ ਹੀ ਪ੍ਰਭਾਵ ਸੀ ਕਿ ਅਖੌਤੀ ਨਿਮਨ ਵਰਗ 'ਚ ਪੈਦਾ ਹੋ ਕੇ ਵੀ ਉਹ ਸ਼ਾਹੀ ਖਾਨਦਾਨ ਦੇ ਰਾਜਗੁਰੂ ਬਣੇ ਅਤੇ ਅਨੇਕਾਂ ਰਾਜੇ ,ਮਹਾਰਾਜੇ, ਪੰਡਿਤ ਅਤੇ ਕਥਿਤ ਉੱਚਤਮ ਵਰਗ ਦੇ ਲੋਕ ਉਨਾਂ ਦੇ ਸ਼ਿਸ਼ ਬਣੇ।ਗੁਰੂ ਜੀ ਨੂੰ ਭਾਵੇਂ ਜੇਲ੍ਹ ਵੀ ਕੱਟਣੀ ਪਈ ਪਰ ਉਹ ਆਪਣੇ ਸਿਧਾਂਤਾਂ 'ਤੇ ਅੜੇ ਰਹੇ, ਡੋਲੇ ਨਹੀਂ, ਜਿੱਤ ਪ੍ਰਾਪਤ ਕੀਤੀ। ਆਪ ਜੀ ਦਾ ਸਪਸ਼ਟ ਮੱਤ ਸੀ ਕਿ ਪਰਮਾਤਮਾ ਕਿਸੇ ਦੇ ਬਾਪ ਦਾ ਨਹੀਂ, ਕਿਸੇ ਦੇ ਪਿਓ ਦੀ ਜਾਗੀਰ ਨਹੀਂ ,ਉਸ ਵਿੱਚ ਨਿਸ਼ਚਾ ਅਤੇ ਪ੍ਰੇਮ ਭਾਵਨਾ ਰੱਖਣ ਵਾਲਾ ਕੋਈ ਵੀ ਜੀਵ ਉਸ ਦੀ ਪੂਜਾ ਭਗਤੀ ਕਰ ਸਕਦਾ ਹੈ। ਆਪ ਜੀ ਦਾ ਕਥਨ ਹੈ- ਆਪਨ ਬਾਪੈ ਨਾ ਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ। (ਆਦਿ ਗ੍ਰੰਥ ਪੰਨਾ 658)

ਨਾਰੀ ਜਾਤੀ ਨੂੰ ਬਰਾਬਰਤਾ : ਰੂੜੀਵਾਦੀ ਸਮਾਜ 'ਚ ਔਰਤਾਂ ਨੂੰ ਸਾਰੇ ਮਨੁੱਖੀ ਅਧਿਕਾਰਾਂ ਤੋਂ ਵੰਚਿਤ ਕੀਤਾ ਗਿਆ ਸੀ। ਆਪ ਜੀ ਨੇ ਇਸਤਰੀ ਵਰਗ ਦੇ ਸਮਾਨ ਅਧਿਕਾਰਾਂ ਦੀ ਸੁਰੱਖਿਆ ਲਈ ਅਧਿਆਤਮਿਕਤਾ ਦੇ ਬੰਦ ਦਰਵਾਜ਼ੇ ਖੋਲ੍ਹੇ। ਗੁਰੂ ਜੀ ਨੇ ਚਿਤੌੜ ਦੀ ਮਹਾਰਾਣੀ ਝਾਲੀ ਅਤੇ ਭਾਰਤ ਦੀ ਪ੍ਰਸਿੱਧ ਸੰਤ ਮੀਰਾ ਬਾਈ ਨੂੰ ਦੀਕਸ਼ਾ ਦੇ ਕੇ ਇਸਤਰੀ ਦੀ ਬਰਾਬਰਤਾ,ਮਾਣ ਸਨਮਾਨ ਅਤੇ ਸਤਿਕਾਰ ਵਿੱਚ ਵਾਧਾ ਕੀਤਾ।

"ਅਛੂਤ ਕੌਣ ਤੇ ਕਿਵੇਂ" ਪੁਸਤਕ ਸਮਰਪਿਤ : ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਅਜਿਹੀ ਸਮੁੱਚੀ ਵਿਚਾਰਧਾਰਾ 'ਤੇ ਪਹਿਰਾ ਦਿੰਦਿਆਂ ਯੁੱਗ ਪੁਰਸ਼ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਨੇ "ਭਾਰਤ ਦੇ ਸੰਵਿਧਾਨ " ਵਿੱਚ 'ਬੇਗਮਪੁਰੇ ਦੇ ਸੰਕਲਪ ' ਨੂੰ ਲਿਖਿਆ।ਸਾਰਿਆਂ ਨੂੰ ਮੌਲਿਕ ਅਧਿਕਾਰ ਪ੍ਰਦਾਨ ਕੀਤੇ। ਬਾਬਾ ਸਾਹਿਬ ਜੀ ਨੇ "ਅਛੂਤ ਕੌਣ ਤੇ ਕਿਵੇਂ " ਪੁਸਤਕ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੂੰ ਸਮਰਪਿਤ ਕੀਤੀ ਹੈ।

ਚੌਥੇ ਪਾਤਿਸ਼ਾਹ ਦੇ ਵਿਚਾਰ: ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਫੁਰਮਾਉਂਦੇ ਹਨ ਕਿ ਜਗਤ ਗੁਰੂ ਰਵਿਦਾਸ ਜੀ ਮਹਾਰਾਜ ਨੇ 'ਹਰਿ ' ਦੀ ਐਸੀ ਭਗਤੀ ਤੇ ਉਸਤਤ ਕੀਤੀ ਕਿ ਉਹ ਰੱਬ ਦੇ ਰੂਪ ਹੋ ਗਏ। ਬੰਦਗੀ ਤੇ ਰੂਹਾਨੀਅਤ ਦੇ ਕਾਰਣ ਮਹਾਨ ਬਣੇ ਅਤੇ ਚਾਰੇ ਵਰਨਾਂ ਦੇ ਲੋਕ ਉਹਨਾਂ ਦੇ ਚਰਨੀਂ ਢਹਿ ਪਏ- "ਰਵਿਦਾਸ ਚਮਾਰ ਉਸਤਤਿ ਕਰੇ, ਹਰਿ ਕੀਰਤਿ ਨਿਮਖ ਇਕ ਗਾਇ। ਪਤਿਤ ਜਾਤਿ ਉਤਮ ਭਇਆ, ਚਾਰ ਵਰਨ ਪਏ ਪਗਿ ਆਇ।" (ਪੰਨਾ -733)।

ਐਜੂਕੇਸ਼ਨ 'ਤੇ ਜ਼ੋਰ : ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਸਿੱਖਿਆ 'ਤੇ ਜ਼ੋਰ ਦਿੱਤਾ ਤੇ ਕਿਹਾ ਕਿ ਮਨੁੱਖ ਵਿੱਚ ਵਿਵੇਕ ਬੁੱਧੀ ਸਿੱਖਿਆ ਨਾਲ ਹੀ ਆਉਂਦੀ ਹੈ।ਆਪਣੀ ਬਾਣੀ 'ਚ ਉਪਦੇਸ਼ ਦਿੱਤਾ - "ਮਾਧੋ ਅਬਿਦਿਆ ਹਿਤ ਕੀਨ , ਬਿਬੇਕ ਦੀਪ ਮਲੀਨ ।" "ਉਪਜਿਓ ਗਿਆਨ ਹੂਆ ਪ੍ਰਗਾਸ " ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਉਪਦੇਸ਼ ਹੈ ਕਿ ਸਿੱਖਿਆ ਨਾਲ ਹੀ ਮਨੁੱਖ ਦੀ ਜ਼ਿੰਦਗੀ ਵਿੱਚ ਰੋਸ਼ਨੀ ਆਉਂਦੀ ਹੈ। ਸਿੱਖਿਆ ਨਾਲ ਮਨੁੱਖ ਹਰ ਮੰਜ਼ਿਲ ਨੂੰ ਸਰ ਕਰ ਸਕਦਾ ਹੈ।ਬਾਬਾ ਸਾਹਿਬ ਜੀ ਨੇ ਸਿੱਖਿਆ ਬਾਰੇ ਕਿਹਾ ਸੀ ਕਿ "ਗਿਆਨ ਉਹ ਸ਼ੇਰਨੀ ਦਾ ਦੁੱਧ ਹੈ ,ਜੋ ਪੀਵੇਗਾ ਉਹ ਹੀ ਦਹਾੜੇਗਾ।" ਸਿੱਖਿਆ ਹਰ ਵਿਅਕਤੀ ਲਈ ਜਰੂਰੀ ਹੈ, ਇਸ ਲਈ ਇਸ ਨੂੰ ਕਿਸੇ ਵੀ ਕੀਮਤ 'ਤੇ ਜਰੂਰ ਗ੍ਰਹਿਣ ਕਰੋ।

ਇਕੱਠੇ ਹੋਣ 'ਤੇ ਜ਼ੋਰ: ਸਤਿਗੁਰੂ ਰਵਿਦਾਸ ਮਹਾਰਾਜ ਜੀ ਬਹੁਜਨਾਂ ਨੂੰ ਇਕੱਠੇ ਹੋਣ ਦਾ ਇਸ਼ਾਰਾ ਆਪਣੀ ਬਾਣੀ 'ਚ ਇੰਝ ਕਰਦੇ ਹਨ - "ਸਤ ਸੰਗਤਿ ਮਿਲ ਰਹੀਐ ਮਾਧਉ ਜੈਸੇ ਮਧੁਪ ਮਖੀਰਾ।" (ਪੰਨਾ ਨੰ: 486) ਭਾਵ ਸਾਨੂੰ ਹਮੇਸ਼ਾ ਸ਼ਹਿਦ ਦੀਆਂ ਮੱਖੀਆਂ ਵਾਂਗ ਰਲ ਕੇ ਰਹਿਣਾ ਚਾਹੀਦਾ ਤਾਂ ਹੀ ਅਸੀਂ ਜਿੱਤ ਵੱਲ ਵੱਧ ਸਕਦੇ ਹਾਂ।

ਪਰਾਧੀਨਤਾ ਪਾਪ ਹੈ : ਆਪ ਜੀ ਨੇ ਸਮਾਜਿਕ ,ਰਾਜਨੀਤਿਕ, ਆਰਥਿਕ ਪਰਾਧੀਨਤਾ ਵਿਰੁੱਧ ਝੰਡਾ ਬੁਲੰਦ ਕੀਤਾ । ਗੁਲਾਮ ਨਾਲ ਕੋਈ ਵੀ ਪਿਆਰ ਨਹੀਂ ਕਰਦਾ। ਇਸ ਲਈ ਸਤਿਗੁਰੂ ਰਵਿਦਾਸ ਜੀ ਨੇ ਪ੍ਰੇਮਾ ਭਗਤੀ ਨਾਲ , ਦ੍ਰਿੜ ਸੰਕਲਪ ਕਰਕੇ ਗੁਲਾਮੀ ਦੀਆਂ ਜੰਜ਼ੀਰਾਂ ਨੂੰ ਸੰਘਰਸ਼ ਰਾਹੀਂ ਤੋੜਿਆ। ਆਪ ਜੀ ਨੇ ਬਾਣੀ ਰਾਹੀਂ ਮਨੁੱਖਤਾ ਨੂੰ ਉਪਦੇਸ਼ ਕੀਤਾ- "ਪਰਾਧੀਨਤਾ ਪਾਪ ਹੈ, ਜਾਨ ਲੇਹੁ ਰੇ ਮੀਤ ॥ ਰਵਿਦਾਸ ਦਾਸ ਪਰਾਧੀਨ ਸਿਉ , ਕਉਨ ਕਰੈ ਹੈ ਪ੍ਰੀਤ॥ "

ਅੱਠ ਯਾਤਰਾਵਾਂ: ਸ੍ਰੀ ਰੂਪ ਲਾਲ ਰੂਪ, ਸਟੇਟ ਅਵਾਰਡੀ ਨੇ ਆਪਣੀ ਪੁਸਤਕ "ਗੁਰੂ ਰਵਿਦਾਸ ਪ੍ਰਗਾਸ ਦੀ ਖੋਜ " ਦੇ (183 ਤੋਂ 248 ਸਫੇ ਤੱਕ) ਸਤਿਗੁਰੂ ਰਵਿਦਾਸ ਮਹਾਰ-ਾਜ ਜੀ ਦੀਆਂ ਅੱਠ ਕਲਿਆਣਕਾਰੀ ਯਾਤਰਾਵਾਂ ਦਾ ਕਾਫ਼ੀ ਖੋਜ ਭਰਪੂਰ ਜ਼ਿਕਰ ਕੀਤਾ ਹੈ:-
1.1436 ਤੋਂ1448 ਈਸਵੀ
2.1460 ਤੋਂ 1465 ਈਸਵੀ.
3.1472 ਤੋਂ 1478 ਈਸਵੀ
4. 1481 ਤੋਂ 1487 ਈਸਵੀ
5. 1493 ਤੋਂ 1494 ਈਸਵੀ
6. 1496 ਤੋਂ 1500 ਈਸਵੀ
7. 1507 ਤੋਂ 1508 ਈਸਵੀ
8. 1516 ਤੋਂ 1517 ਈਸਵੀ

ਉਪਰੋਤਕ ਵਰਨਣ ਤੋਂ ਬਾਅਦ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਗਿਆਨ ਦੇ ਮਹਾਂਸਾਗਰ ਸਨ। ਉਹਨਾਂ ਆਪਣੀ ਵਿਦਵਤਾ ,ਬਿਬੇਕ ਬੁੱਧੀ , ਪ੍ਰੇਮ ਭਾਵਨਾ, ਭਗਤੀ ਸਾਧਨਾ, ਸੱਚੀ ਬਾਣੀ ਨਾਲ ਜਾਤ -ਪਾਤ ਰਹਿਤ ਸਮਾਜ ,ਸਿਰਜਣ ਵਿੱਚ ਅਹਿਮ ਭੂਮਿਕਾ ਨਿਭਾਈ।ਪਾਖੰਡਵਾਦ ਅਤੇ ਅਡੰਬਰਵਾਦ ਦੀ ਡੱਟ ਕੇ ਵਿਰੋਧਤਾ ਕੀਤੀ। ਮਾਨਵਵਾਦੀ ਸੋਚ ਰਾਹੀਂ ਚੰਗਾ ਸ਼ਹਿਰੀ ਅਤੇ ਆਦਰਸ਼ ਸਮਾਜ ਸਿਰਜਣ ਦੀ ਪੇਸ਼ਕਸ਼ ਕੀਤੀ। ਨਰੋਆ ਅਤੇ ਤੰਦਰੁਸਤ ਸਮਾਜ ਤਦ ਹੀ ਬਣੇਗਾ ,ਜਦ ਉਹ ਗਿਆਨਵਾਨ ਹੋਵੇਗਾ। ਗੁਰੂ ਜੀ ਨੇ "ਬੇਗਮਪੁਰਾ ਸਹਰ ਕੋ ਨਾਉ" ਸ਼ਬਦ 'ਚ ਅਜਿਹਾ ਬੇਗਮ-ਪੁਰਾ ਉਸਾਰਨ ਦਾ ਸੁਪਨਾ ਲਿਆ ਹੈ ,ਜਿਸ 'ਚ ਪੂਰੀ ਮਨੁੱਖਤਾ ਇੱਕਮੁੱਠ ਹੋ ਕੇ, ਸਮਾਨਤਾ, ਸੁਤੰਤਰਤਾ ,ਭਾਈਚਾਰਾ ਤੇ ਨਿਆ ਵਾਲਾ ਸੁਖੀ ਜੀਵਨ ਬਤੀਤ ਕਰੇ। ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਬਾਣੀ ਵਿੱਚ ਸੰਦੇਸ਼ ਦਿੱਤਾ ਹੈ ਕਿ "ਜੋ ਹਮ ਸਹਰੀ ਸੁ ਮੀਤੁ ਹਮਾਰਾ। " ਉਹੀ ਮੇਰਾ ਸੱਚਾ ਮਿੱਤਰ ਹੈ ,ਜੋ ਮੇਰੇ ਸ਼ਹਿਰ , ਵਤਨ ਦਾ ਵਾਸੀ ਹੈ।



**ਪ੍ਰਿੰਸੀਪਲ ਪਰਮਜੀਤ ਜੱਸਲ**
**ਡਾ. ਬੀ. ਆਰ. ਅੰਬੇਡਕਰ ਪਬਲਿਕ ਸਕੂਲ ,ਬੁਲੰਦਪੁਰ (ਜਲੰਧਰ)**
**ਮੋਬਾਇਲ:98721-80653**

Namo Buddhaye



DHAMMA WAVES

Jai Bheem



Watch us Live on Facebook every Sunday at 8 pm Indian Time
live call : +91-966-797-2248
E-mail : dhammawaves.info@gmail.com

Follow Us : www.Dhammawaves.com Dhammawaves
E-mail : dhammawaves.info@gmail.com

ਨਰਪੱਤ ਏਕ ਸੱਘਾਸਨ ਸੋਇਆ,ਸੁਪਨੇ ਭਆ ਭਿਖਾਰੀ ।
ਅਸ਼ਤ ਰਾਜ ਵਿਸਰਤ ਦੁੱਖ ਪਾਇਆ,
ਸੋ ਗੱਤ ਭਈ ਹਮਾਰੀ ॥

ਬੋਧੀਸਤਵ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਉਤਸਵ ਦੀਆਂ ਆਪ ਸਭ ਨੂੰ ਬਹੁਤ ਬਹੁਤ ਵਧਾਈਆਂ ।



बोधिसत्व श्री गुरु रविदास जी के प्रकाश पर्व की आप सभी को हार्दिक शुभकामनाएँ!



Bhikkhu Dr.Chandrekitti

बोधिसत्व श्री गुरु रविदास जी



Mr.Musafir Subhash Chandra

Live on Facebook Sunday
Feb.1st,26 at 8 Pm Indian Time

Dhamma Desna By : Bhikkhu Dr. Chandrekiti

Guest Speaker : Mr. Musafir Subhash Chandra

बेगमपुरा शहर बनाम भारतीय संविधान ।

# ਜਦੋਂ ਅਮਰੀਕਾ ਡਰ ਫੈਲਾ ਰਿਹਾ ਹੈ, ਸਪੇਨ ਕਾਨੂੰਨੀ ਪਛਾਣ ਦੇ ਰਿਹਾ ਹੈ

ਲੱਖਾਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਕਾਨੂੰਨੀ ਦਰਜਾ ਯੂਰਪ, ਅਮਰੀਕਾ ਅਤੇ ਭਾਰਤ ਲਈ ਦੂਰਗਾਮੀ ਸਿਆਸੀ ਅਰਥ

ਬਾਰਸੀਲੋਨਾ — ਇਹ ਸਿਰਫ਼ ਇੱਕ ਸਰਕਾਰੀ ਐਲਾਨ ਨਹੀਂ। ਇਹ ਸਿਰਫ਼ ਪ੍ਰਵਾਸ ਨੀਤੀ ਵਿੱਚ ਤਬਦੀਲੀ ਨਹੀਂ। ਇਹ ਉਹ ਲਕੀਰ ਹੈ ਜੋ ਸਪੇਨ ਨੇ ਦੁਨੀਆ ਦੀ ਰੇਤ ਉੱਤੇ ਖਿੱਚ ਦਿੱਤੀ ਹੈ — ਇੱਕ ਪਾਸੇ ਡਰ, ਨਫ਼ਰਤ, ਡਿਪੋਰਟੇਸ਼ਨ ਅਤੇ ਕੈਦ; ਦੂਜੇ ਪਾਸੇ ਕਾਨੂੰਨੀ ਪਛਾਣ, ਮਰਿਆਦਾ ਅਤੇ ਮਨੁੱਖੀ ਅਧਿਕਾਰ।

ਜਦੋਂ ਅਮਰੀਕਾ ਵਿੱਚ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੌਰ ਵਿੱਚ ਪ੍ਰਵਾਸੀ ਪਰਿਵਾਰਾਂ ਨੂੰ ਤੋੜਿਆ ਜਾ ਰਿਹਾ ਹੈ, ਬੱਚਿਆਂ ਨੂੰ ਮਾਪਿਆਂ ਤੋਂ ਵੱਖ ਕੀਤਾ ਜਾ ਰਿਹਾ ਹੈ ਅਤੇ ਕਾਨੂੰਨ ਨੂੰ ਡਰ ਦਾ ਹਥਿਆਰ ਬਣਾਇਆ ਜਾ ਰਿਹਾ ਹੈ — ਉਸੇ ਸਮੇਂ ਯੂਰਪ ਦੇ ਦਿਲ ਵਿੱਚ ਬੈਠਾ ਸਪੇਨ ਇੱਕ ਐਸਾ ਫੈਸਲਾ ਲੈਂਦਾ ਹੈ ਜੋ ਪੂਰੀ ਦੁਨੀਆ ਦੀ ਸਿਆਸਤ ਨੂੰ ਚੁਣੌਤੀ ਦਿੰਦਾ ਹੈ।

**ਗੁਮਨਾਮੀ ਤੋਂ ਕਾਨੂੰਨੀ ਮੌਜੂਦਗੀ ਤੱਕ**

ਸਪੇਨ ਦੀ ਸਰਕਾਰ ਵੱਲੋਂ ਐਲਾਨਿਆ ਗਿਆ ਇਹ ਫੈਸਲਾ ਲੱਖਾਂ ਉਹਨਾਂ ਲੋਕਾਂ ਲਈ ਹੈ ਜੋ ਸਾਲਾਂ ਤੋਂ ਇਸ ਦੇਸ਼ ਦੀਆਂ ਫਸਲਾਂ ਉਗਾ ਰਹੇ ਸਨ, ਹੋਟਲਾਂ ਵਿੱਚ ਕੰਮ ਕਰ ਰਹੇ ਸਨ, ਘਰ ਸਾਫ਼ ਕਰ ਰਹੇ ਸਨ, ਇਮਾਰਤਾਂ ਬਣਾਉਂਦੇ ਸਨ — ਪਰ ਕਾਗਜ਼ਾਂ ਤੋਂ ਬਿਨਾਂ।

ਉਹ ਲੋਕ ਜੋ ਹਰ ਸਵੇਰ ਕੰਮ ਤੇ ਜਾਂਦੇ ਸਮੇਂ ਇਹ ਸੋਚਦੇ ਸਨ ਕਿ ਸ਼ਾਇਦ ਅੱਜ ਪੁਲਿਸ ਪੁੱਛ ਲਵੇ। ਉਹ ਮਾਵਾਂ ਜੋ ਆਪਣੇ ਬੱਚਿਆਂ ਨੂੰ ਸਕੂਲ ਛੱਡਦੇ ਹੋਏ ਡਰਦੀਆਂ ਸਨ। ਉਹ ਨੌਜਵਾਨ ਜੋ ਯੋਗਤਾ ਹੋਣ ਦੇ ਬਾਵਜੂਦ ਕਾਨੂੰਨੀ ਨੌਕਰੀ ਨਹੀਂ ਕਰ ਸਕਦੇ ਸਨ।

ਅੱਜ ਸਪੇਨ ਨੇ ਉਨ੍ਹਾਂ ਸਭ ਨੂੰ ਕਿਹਾ ਹੈ:

"ਤੁਸੀਂ ਗੈਰ-ਕਾਨੂੰਨੀ ਨਹੀਂ, ਤੁਸੀਂ ਅਦ੍ਰਿਸ਼ ਨਹੀਂ — ਤੁਸੀਂ ਇਸ ਦੇਸ਼ ਦਾ ਹਿੱਸਾ ਹੋ।"

ਕੀ ਹੈ ਇਹ ਐਤਿਹਾਸਿਕ ਫੈਸਲਾ?

ਸਪੇਨ ਦੀ ਸਰਕਾਰ ਨੇ ਇੱਕ ਵਿਸ਼ੇਸ਼ ਰਾਇਲ ਡਿਕਰੀ (ੑਓਲ ਧਏਚਰਏਏ) ਜਾਰੀ ਕਰਕੇ ਦੇਸ਼ ਵਿੱਚ ਰਹਿ ਰਹੇ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਨੂੰ ਕਾਨੂੰਨੀ ਦਰਜਾ ਦੇਣ ਦਾ ਐਲਾਨ ਕੀਤਾ ਹੈ। ਇਸ ਤਹਿਤ:

• 31 ਦਸੰਬਰ 2025 ਤੋਂ ਪਹਿਲਾਂ ਸਪੇਨ ਪਹੁੰਚੇ ਪ੍ਰਵਾਸੀ • ਘੱਟੋ-ਘੱਟ 5 ਮਹੀਨੇ ਰਹਿਣ ਦਾ ਸਬੂਤ • ਕੋਈ ਗੰਭੀਰ ਅਪਰਾਧਿਕ ਰਿਕਾਰਡ ਨਾ ਹੋਣਾ

**ਇਨ੍ਹਾਂ ਸ਼ਰਤਾਂ ਨੂੰ ਪੂਰਾ ਕਰਨ ਵਾਲੇ ਵਿਅਕਤੀਆਂ ਨੂੰ:**

1 ਸਾਲ ਦਾ ਰਿਹਾਇਸ਼ੀ ਪਰਮਿਟ . ਕਾਨੂੰਨੀ ਤੌਰ 'ਤੇ ਕੰਮ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ।

ਅੰਕੜੇ ਜੋ ਸਿਸਟਮ ਨੂੰ ਹਿਲਾ ਦੇਂਦੇ ਹਨ

ਸਰਕਾਰੀ ਅੰਕੜਿਆਂ ਮੁਤਾਬਕ:



• ਘੱਟੋ-ਘੱਟ 5 ਲੱਖ ਲੋਕ ਤੁਰੰਤ ਲਾਭਪਾਤਰੀ • ਅਸਲੀ ਗਿਣਤੀ 8 ਲੱਖ ਤੱਕ ਹੋ ਸਕਦੀ ਹੈ • ਕੁੱਲ ਗੈਰ-ਕਾਨੂੰਨੀ ਪ੍ਰਵਾਸੀ: ਕਰੀਬ 8.4 ਲੱਖ




ਇਹ ਕੋਈ ਛੋਟਾ ਪ੍ਰਯੋਗ ਨਹੀਂ — ਇਹ ਯੂਰਪ ਦੇ ਸਭ ਤੋਂ ਵੱਡੇ ਰੈਗੂਲਰਾਈਜ਼ੇਸ਼ਨ ਪ੍ਰੋਗਰਾਮਾਂ ਵਿੱਚੋਂ ਇੱਕ ਹੈ।

ਟਰੰਪ ਮਾਡਲ ਬਨਾਮ ਸਪੇਨੀ ਮਾਡਲ

ਅਮਰੀਕਾ ਵਿੱਚ ਡੋਨਾਲਡ ਟਰੰਪ ਦੇ ਦੌਰ ਦੌਰਾਨ:

• ਮਾਸ ਡਿਪੋਰਟੇਸ਼ਨ • ਪਰਿਵਾਰਾਂ ਦੀ ਵੱਖਰੀਕਰਨ ਨੀਤੀ • ਡਿਟੈਨਸ਼ਨ ਕੈਂਪ • ਪ੍ਰਵਾਸੀਆਂ ਨੂੰ ਅਪਰਾਧੀ ਦਿਖਾਉਣ ਦੀ ਮੁਹਿੰਮ

ਉੱਥੇ ਹੀ ਸਪੇਨ ਕਹਿ ਰਿਹਾ ਹੈ:

"ਸਿਸਟਮ ਵਿੱਚ ਰਹਿ ਰਹੇ ਲੋਕਾਂ ਨੂੰ ਸਿਸਟਮ ਦਾ ਹਿੱਸਾ ਬਣਾਓ।"

ਇਹ ਸਿਰਫ਼ ਦੋ ਨੀਤੀਆਂ ਦੀ ਟੱਕਰ ਨਹੀਂ — ਇਹ ਦੋ ਵਿਚਾਰਧਾਰਾਵਾਂ ਦੀ ਜੰਗ ਹੈ।ਆਰਥਿਕ ਹਕੀਕਤ: ਸੱਚ ਜੋ ਸੱਜਾ ਪੱਖ ਨਹੀਂ ਸੁਣਨਾ ਚਾਹੁੰਦਾ

ਸਪੇਨ ਦੀ ਆਰਥਿਕਤਾ ਦਾ ਵੱਡਾ ਹਿੱਸਾ:

• ਖੇਤੀਬਾੜੀ • ਸੈਰ-ਸਪਾਟਾ • ਨਿਰਮਾਣ • ਘਰੇਲੂ ਸੇਵਾਵਾਂ

ਗੈਰ-ਕਾਨੂੰਨੀ ਪ੍ਰਵਾਸੀਆਂ ਦੇ ਬਿਨਾਂ ਢਹਿ ਸਕਦਾ ਹੈ। ਉਹ ਕੰਮ ਜੋ ਸਥਾਨਕ ਲੋਕ ਨਹੀਂ ਕਰਦੇ — ਉਹ ਪ੍ਰਵਾਸੀ ਕਰਦੇ ਹਨ। ਪਰ ਬਿਨਾਂ ਹੱਕਾਂ ਦੇ।

ਹੁਣ ਸਰਕਾਰ ਨੇ ਇਹ ਮੰਨ ਲਿਆ ਹੈ ਕਿ:

"ਗੁਲਾਮੀ ਵਰਗੀ ਸਥਿਤੀ ਆਰਥਿਕ ਵਿਕਾਸ ਨਹੀਂ, ਸ਼ਰਮਨਾਕ ਨੀਤੀ ਹੈ।"

ਸੱਜੇ ਪੱਖ ਦਾ ਰੋਸ — ਨਫ਼ਰਤ ਦੀ ਪੁਰਾਣੀ ਰਾਜਨੀਤੀ

ਸਪੇਨ ਦੀ ਸੱਜੇ ਪੱਖੀ ਪਾਰਟੀ ਵੋਕਸ ਨੇ ਇਸ ਫੈਸਲੇ ਨੂੰ:

• "ਵਿਦੇਸ਼ੀ ਹਮਲਾ" • "ਕੌਮੀ ਖ਼ਤਰਾ" ਕਰਾਰ ਦਿੱਤਾ ਹੈ।

ਪਰ ਇਹ ਉਹੀ ਰਾਜਨੀਤੀ ਹੈ ਜੋ ਡਰ ਵੇਚ ਕੇ ਵੋਟਾਂ ਖਰੀਦਦੀ ਹੈ। ਅੰਕੜੇ, ਹਕੀਕਤਾਂ ਅਤੇ ਮਨੁੱਖੀ ਕਹਾਣੀਆਂ ਇਸ ਨਫ਼ਰਤ ਨੂੰ ਝੁਠਲਾ ਰਹੀਆਂ ਹਨ।

**ਭਾਰਤੀਆਂ ਲਈ ਕੀ ਮਤਲਬ?**

ਸਪੇਨ ਵਿੱਚ ਹਜ਼ਾਰਾਂ ਭਾਰਤੀ:

• ਖੇਤੀਬਾੜੀ ਵਿੱਚ • ਹੋਟਲ ਉਦਯੋਗ ਵਿੱਚ • ਟ੍ਰਾਂਸਪੋਰਟ ਅਤੇ ਸੇਵਾਵਾਂ ਵਿੱਚ ਕੰਮ ਕਰ ਰਹੇ ਹਨ।ਇਹ ਫੈਸਲਾ ਉਨ੍ਹਾਂ ਲਈ: ਡਰ ਤੋਂ ਮੁਕਤੀ. ਕਾਨੂੰਨੀ ਨੌਕਰੀ . ਬੱਚਿਆਂ ਦਾ ਭਵਿੱਖ . ਸਮਾਜਿਕ ਸੁਰੱਖਿਆ ਦਾ ਦਰਵਾਜ਼ਾ ਖੋਲ੍ਹਦਾ ਹੈ।

ਦੁਨੀਆ ਕਿਸ ਪਾਸੇ ਜਾਵੇਗੀ?

ਸਪੇਨ ਨੇ ਦਿਖਾ ਦਿੱਤਾ ਹੈ ਕਿ ਪ੍ਰਵਾਸੀ ਸਮੱਸਿਆ ਦਾ ਹੱਲ ਡਿਪੋਰਟੇਸ਼ਨ ਨਹੀਂ ਇਨਸਾਫ਼ ਹੈ।ਸਵਾਲ ਇਹ ਨਹੀਂ ਕਿ ਪ੍ਰਵਾਸੀ ਆਉਣਗੇ ਜਾਂ ਨਹੀਂ। ਸਵਾਲ ਇਹ ਹੈ ਕਿ:ਕੀ ਅਸੀਂ ਉਨ੍ਹਾਂ ਨੂੰ ਅਪਰਾਧੀ ਬਣਾਵਾਂਗੇ ਜਾਂ ਨਾਗਰਿਕ?ਸਪੇਨ ਨੇ ਆਪਣਾ ਜਵਾਬ ਦੇ ਦਿੱਤਾ ਹੈ।




**ਗੁਰਭਿੰਦਰ ਗੁਰੀ**
**watsapp**
**+447951 590424**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com